Hansti Duniya (Punjabi)
✶Vol. 47 ✶No. 03 ✶March 2023

₹15/-

# ਹੰਸਤੀ ਦੁਨੀਆ



# ਹੰਸਤੀ ਦੁਨੀਆ

★ VOL - 47

★ ਅੰਕ - 03 ★ ਮਾਰਚ 2023 ★ Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

Printer & Publisher Raj Kumari, on behalf of Sant Nirankari Mandal, Delhi-110009, Printed at HT Media Limited, Plot No. 8, Udyog Vihar, Greater Noida- 201306 (U.P.) & published at Sant Nirankari Satsang Bhawan, Sant Nirankari Colony, Delhi-110009



Editor (Honorary)

Sulekh Singh 'Sathi'

E-mail : editorial@nirankari.org

Ph. : 011-47660200

Fax : 011-27608215

Website : www.nirankari.org

kids.nirankari.org


## Subscription Value

| Country | 1 Year | 3 Years | 5 Years | 11 Years |
|---|---|---|---|---|
| India/Nepal | ₹ 150 | ₹ 400 | ₹ 700 | ₹ 1500 |
| U.K. | £15 | £40 | £70 | £150 |
| Europe | €20 | €55 | €95 | €200 |
| USA | $25 | $70 | $120 | $250 |
| Canada/ Australia | $30 | $85 | $140 | $300 |


Other Countries

Equivalent to U.S. Dollars as mentioned above.

















## ਸਤੰਭ


ਸਭ ਤੋਂ ਪਹਿਲਾਂ 04

ਵਿਗਿਆਨ ਪ੍ਰਸ਼ਨੋਤਰੀ 12

ਹਾਸਾ-ਖੇਡਾ 18

ਸਾਧਾਰਣ ਗਿਆਨ ਪ੍ਰਸ਼ਨੋਤਰੀ 21

ਕੀ ਤੁਸੀਂ ਜਾਣਦੇ ਹੋ? 29

ਰੰਗ ਭਰੋ ਪ੍ਰਤੀਯੋਗਿਤਾ 39

ਕਦੇ ਨਾ ਭੁੱਲੋ 44

ਬੁੱਧੀ ਦੀ ਪਰਖ 50


## ਚਿੱਤਰਕਥਾਵਾਂ


ਕਿੱਟੀ 22

ਚਿੱਤਰਕਥਾ 46












## ਕਹਾਣੀਆਂ


06. ਬੰਟੀ ਦੀ ਸੂਝਬੂਝ
– ਪ੍ਰਿਤਪਾਲ ਸਾਦਿਕ

15. ਨੀਲੂ ਦੀ ਜਿੱਦ
– ਰਾਧੇ ਲਾਲ

30. ਪਾਇਲਟ ਬਣਾਗਾਂ
– ਡਾ. ਰਾਜੀਵ ਗੁਪਤਾ

33. ਟਿੰਕੂ ਨੂੰ ਸਿਖਿਆ ਮਿਲੀ
– ਵਿਪਿਨ ਕੁਮਾਰ

37. ਨਾਨੀ ਨਾਲ ਸ਼ਰਾਰਤ
– ਸੁਰਜੀਤ 'ਦੇਵਲ'

41. ਝੂਠੀ ਕੋਇਲ
– ਅਮਨਪ੍ਰੀਤ ਸਿੰਘ


## ਵਿਸ਼ੇਸ਼ ਲੇਖ


10. ਪੁਲਾੜ
– ਫੇਨਮ ਸੋਗਾਨੀ

13. ਗਜਬ ਦੀ ਹੈ ਗਾਜਰ
– ਕੈਲਾਸ਼ ਜੈਨ

26. ਖਤਰਨਾਕ ਚਾਇਨਾ ਡੋਰ...
– ਪ੍ਰਮੋਦ ਧੀਰ

32. ਅਨੋਖੇ ਰੁੱਖ
– ਰਾਹੁਲ ਸ਼ਰਮਾ

35. ਗੁਣੀ ਹਨ ਸੰਤਰੇ
– ਅਨੀਤਾ ਜੈਨ


## ਗੀਤ-ਕਵਿਤਾਵਾਂ


05. ਭਾਰਤ ਤੂੰ ਮੇਰਾ ਆਧਾਰ ਹੈ
– ਪਾਇਲ ਮਹਿਰਾ

09. ਚਿੜੀ ਦਾ ਦੁੱਖ
– ਮੀਰਾ ਸਿੰਘ 'ਮੀਰਾ'

20. ਖੁਸ਼ੀਆਂ ਦਾ ਤਿਉਹਾਰ ਹੋਲੀ
– ਰਾਜੇਸ਼ ਚੌਧਰੀ

28. ਲੁੱਕਣ ਮਿੱਚੀ ਖੇਡੇ ਠੰਢ
– ਮਦਨ ਰਾਣਾ

36. ਵਿਗਿਆਨਿਕ ਬਣ ਜਾਊਂ
– ਡਾ. ਦਿਲੀਪ

45. ਸੂਰਜ ਅਤੇ ਹਵਾ
– ਕਮਲ ਸਿੰਘ ਚੌਹਾਨ

# ਤਿਉਹਾਰ ਹੈ ਪ੍ਰੀਖਿਆ



ਸੋਨੂੰ ਤੇ ਮੋਨੂੰ ਆਪਸ ਵਿਚ ਹੱਸ-ਹੱਸ ਕੇ ਗੱਲਾਂ ਕਰ ਰਹੇ ਹਨ। ਉਨ੍ਹਾਂ ਦੇ ਚਿਹਰੇ ਤੋਂ ਵੀ ਖੁਸ਼ੀ ਝਲਕ ਰਹੀ ਸੀ ਅਤੇ ਉਨ੍ਹਾਂ ਦੇ ਹਾਵ-ਭਾਵ ਵੀ ਉਨ੍ਹਾਂ ਦੇ ਅੰਦਰ ਦੀ ਖੁਸ਼ੀ ਨੂੰ ਹੀ ਦਰਸਾ ਰਹੇ ਹਨ। ਕੁਝ ਦੂਰੀ ਤੇ ਖੜਾ ਰੋਨੂੰ ਉਨ੍ਹਾਂ ਨੂੰ ਬੜੀ ਹੈਰਾਨੀ ਨਾਲ ਵੇਖ ਰਿਹਾ ਸੀ। ਉਸਦੇ ਮਨ ਵਿਚ ਤਾਂ ਉਦਾਸੀ ਛਾਈ ਹੋਈ ਸੀ ਅਤੇ ਦਿਮਾਗ ਵਿਚ ਟੈਂਸ਼ਨ। ਸੋਨੂੰ ਤੇ ਮੋਨੂੰ ਨੂੰ ਇਵੇਂ ਚਹਿਕਦੇ ਹੋਇਆਂ ਵੇਖ-ਵੇਖ ਕੇ ਉਹ ਮਨ ਹੀ ਮਨ ਪ੍ਰੇਸ਼ਾਨ ਵੀ ਹੋ ਰਿਹਾ ਸੀ ਅਤੇ ਹੈਰਾਨ ਵੀ। ਜਦ ਉਸ ਤੋਂ ਰਿਹਾ ਨਾ ਗਿਆ ਤਾਂ ਉਹ ਹੌਲੀ-ਹੌਲੀ ਕਦਮ ਪੁਟਦਾ ਹੋਇਆ ਉਨ੍ਹਾਂ ਦੇ ਕੋਲ ਪਹੁੰਚ ਗਿਆ। ਉਸ ਨੂੰ ਕੋਲ ਆਇਆ ਵੇਖ ਸੋਨੂੰ ਨੇ ਪੁਛਿਆ- ਰੋਨੂੰ ਕੀ ਹਾਲ ਹੈ, ਤੂੰ ਕੁਝ ਉਦਾਸ ਜਿਹਾ ਲਗ ਰਿਹਾ ਹੈ? ਰੋਨੂੰ ਇਕਦਮ ਬੋਲਿਆ – ਹਾਂ, ਉਦਾਸ ਤਾਂ ਹੋਣਾ ਹੀ ਹੈ, ਪੇਪਰਾਂ ਦੀ ਟੈਂਸ਼ਨ ਜੋ ਹੈ। ਕਲ ਤੋਂ ਇਮਤਿਹਾਨ ਸ਼ੁਰੂ ਹੋ ਰਹੇ ਹਨ, ਪਰ ਤੁਹਾਡੇ ਚਿਹਰੇ ਤੋਂ ਤਾਂ ਅਜਿਹਾ ਕੁਝ ਲਗ ਹੀ ਨਹੀਂ ਰਿਹਾ! ਰੋਨੂੰ ਦੀ ਇਹ ਗੱਲ ਸੁਣ ਕੇ ਮੋਨੂੰ ਨੇ ਉਸਨੂੰ ਸੁਆਲ ਕੀਤਾ – ਕੀ ਹੱਸ-ਹੱਸ ਕੇ ਗੱਲਾਂ ਕਰਨਾ ਮਨ੍ਹਾ ਹੈ? ''ਨਹੀਂ-ਨਹੀਂ, ਪਰ ਅੱਜ ਕੱਲ ਪੇਪਰਾਂ ਦੇ ਦਿਨ ਹਨ, ਪੜਾਈ ਦੀ ਟੈਂਸ਼ਨ ਦਿਮਾਗ ਵਿਚ ਹੁੰਦੀ ਹੈ। ਪਤਾ ਨਹੀਂ ਕਿਵੇਂ ਦੇ ਹੋਣਗੇ ਪੇਪਰ, ਰਹਿ-ਰਹਿ ਕੇ ਇਹ ਖਿਆਲ ਆਉਂਦਾ ਹੈ ਮਨ ਵਿਚ। ਅਜਿਹੇ ਸਮੇਂ ਕਿਵੇਂ ਕੋਈ ਹਾਸਾ-ਖੇਡਾ ਕਰ ਸਕਦਾ ਹੈ?'' ਰੋਨੂੰ ਨੇ ਗੰਭੀਰਤਾ ਨਾਲ ਜਵਾਬ ਦਿੱਤਾ।

''ਵਾਹ-ਵਾਹ, ਇਹ ਵੀ ਕੋਈ ਟੈਂਸ਼ਨ ਦੀ ਗੱਲ ਹੈ ਰੋਨੂੰ? ਤੂੰ ਦਸ ਕੋਈ ਤਿਉਹਾਰ ਆਉਂਦਾ ਹੈ ਤਾਂ ਤੂੰ ਟੈਂਸ਼ਨ ਵਿਚ ਹੁੰਦਾ ਹੈ ਜਾਂ ਖੁਸ਼ੀ ਮਨਾਉਂਦਾ ਹੈ?'' ਸੋਨੂੰ ਨੇ ਇਕਦਮ ਰੋਨੂੰ ਨੂੰ ਸੁਆਲ ਕਰ ਦਿੱਤਾ।

ਰੋਨੂੰ ਬੋਲਿਆ – ਕਮਾਲ ਹੈ ਸੋਨੂੰ, ਇਹ ਵੀ ਕੋਈ ਪੁਛਣ ਦੀ ਗੱਲ ਹੈ ! ਤਿਉਹਾਰ ਤੇ ਤਾਂ ਖੁਸ਼ੀਆਂ ਹੀ ਮਨਾਈਆਂ ਜਾਂਦੀਆਂ ਹਨ; ਹੱਸਿਆ-ਖੇਡਿਆ ਜਾਂਦਾ ਹੈ।

''ਬਸ ਇਹੀ ਤਾਂ ਮੈਂ ਤੈਨੂੰ ਕਹਿਣਾ ਚਾਹੁੰਦਾ ਹਾਂ।'' ਸੋਨੂੰ ਨੇ ਕਿਹਾ – ਪ੍ਰੀਖਿਆਵਾਂ ਨੂੰ ਵੀ ਜੇਕਰ ਅਸੀਂ ਤਿਉਹਾਰ ਮੰਨ ਲਈਏ ਤਾਂ ਚਾਵਾਂ-ਚਾਵਾਂ ਨਾਲ ਅਸੀਂ ਇਸਦੀ ਤਿਆਰੀ ਕਰਾਂਗੇ। ਦਿਮਾਗ ਵਿਚ ਇਸ ਬਾਰੇ ਕੋਈ ਟੈਂਸ਼ਨ ਨਹੀਂ ਰੱਖਾਂਗੇ। ਉਂਞ ਵੀ ਸੋਚੋ, ਸਾਰਾ ਸਾਲ ਅਸੀਂ ਮਿਹਨਤ ਕਰਦੇ ਹਾਂ, ਪੜਦੇ ਹਾਂ ਤਾਂ ਫਿਰ ਉਸਦਾ ਫਲ ਹਾਸਿਲ ਕਰਨ ਲਈ ਟੈਂਸ਼ਨ ਵਿਚ ਕਿਉਂ ਰਹੀਏ, ਖੁਸ਼ੀ-ਖੁਸ਼ੀ ਕਿਉਂ ਨਾ ਪ੍ਰੀਖਿਆ ਦਈਏ। ਵੈਸੇ ਟੈਂਸ਼ਨ ਨਾਲ ਤਾਂ ਕੋਈ ਕੰਮ ਬਣਨ ਵਾਲਾ ਨਹੀਂ, ਪੜਨ ਨਾਲ ਹੀ ਬਣਨਾ ਹੈ ਤਾਂ ਫਿਰ ਕਿਉਂ ਨਾ ਖੁਸ਼ੀ-ਖੁਸ਼ੀ ਬਿਨਾਂ ਟੈਂਸ਼ਨ ਪੇਪਰਾਂ ਦੀ ਤਿਆਰੀ ਕਰੀਏ?''

ਰੋਨੂੰ ਨੂੰ ਹੁਣ ਇਹ ਗੱਲ ਸਮਝ ਆ ਗਈ ਸੀ। ਉਸਦੇ ਚਿਹਰੇ ਤੇ ਵੀ ਖੁਸ਼ੀ ਸਾਫ਼ ਝਲਕਣ ਲੱਗੀ। ਉਹ ਬੋਲਿਆ – ਧੰਨਵਾਦ, ਸੋਨੂੰ ਤੇ ਮੋਨੂੰ, ਤੁਸੀ ਤਾਂ ਮੇਰੀ ਸਾਰੀ ਟੈਂਸ਼ਨ ਦੂਰ ਕਰ ਦਿੱਤੀ ਹੈ। ਹੁਣ ਮੈਂ ਵੀ ਖੁਲ੍ਹੇ ਦਿਮਾਗ ਨਾਲ ਅਪਣੀ ਪ੍ਰੀਖਿਆ ਦੇਵਾਂਗਾ।

ਪਿਆਰੇ ਬੱਚਿਓ ! ਤੁਸੀ ਵੀ ਬਿਨਾਂ ਕਿਸੇ ਟੈਂਸ਼ਨ ਫ੍ਰੀ ਮਾਇੰਡ ਹੋ ਕੇ ਪੜੋ ਤਾਂਕਿ ਜੋ ਪੜੋ ਉਹ ਯਾਦ ਹੋ ਜਾਵੇ ਤੇ ਪ੍ਰੀਖਿਆ ਵਿਚ ਸਾਰੇ ਉਤੱਰ ਠੀਕ ਲਿਖ ਕੇ ਚੰਗੇ ਨੰਬਰ ਲੈ ਕੇ ਪਾਸ ਹੋਵੋ।

✍ **ਸੁਲੇਖ 'ਸਾਥੀ'**
sulekh.sathi@nirankari.org

ਕਵਿਤਾ: ਪਾਇਲ ਮਹਿਰਾ

# ਭਾਰਤ ਤੂੰ ਮੇਰਾ ਆਧਾਰ ਹੈ

ਭਾਰਤ ਤੇਰੇ ਤੇ ਜਾਨ ਨਿਸਾਰ ਹੈ।
ਭਾਰਤ ਤੈਨੂੰ ਨਮਸਕਾਰ ਹੈ।

ਭਾਰਤ ਮੇਰੇ ਨਾਲ ਤੇਰਾ ਨਾਮ ਹੈ।
ਭਾਰਤ ਤੂੰ ਮੇਰਾ ਧਾਮ ਹੈ।
ਭਾਰਤ ਮੇਰੀ ਸ਼ੋਭਾ ਸ਼ਾਨ ਹੈ।
ਭਾਰਤ ਮੇਰਾ ਤੀਰਥ ਸਥਾਨ ਹੈ।

ਭਾਰਤ ਤੇਰੇ ਵਿੱਚ ਗੀਤਾ ਸਾਰ ਹੈ।
ਭਾਰਤ ਤੂੰ ਅੰਮ੍ਰਿਤ ਦੀ ਧਾਰ ਹੈ।
ਭਾਰਤ ਤੂੰ ਗੁਰੂਆਂ ਦਾ ਦੇਸ਼ ਹੈ।
ਭਾਰਤ ਤੇਰੇ ਵਿੱਚ ਸੁੱਖ-ਸੰਦੇਸ਼ ਹੈ।

ਭਾਰਤ ਤੂੰ ਮੇਰਾ ਸਨਮਾਨ ਹੈ।
ਭਾਰਤ ਤੂੰ ਮੇਰਾ ਮਾਣ ਹੈ।
ਭਾਰਤ ਤੂੰ ਧਰਮਾਂ ਦਾ ਤਾਜ ਹੈ।
ਭਾਰਤ ਤੂੰ ਸੁੰਦਰ ਸਮਾਜ ਹੈ।

ਭਾਰਤ ਜਦ ਤਕ ਇਹ ਜੀਵਨ ਹੈ।
ਭਾਰਤ ਤੈਨੂੰ ਹੀ ਸਭ ਅਰਪਣ ਹੈ।
ਭਾਰਤ ਤੂੰ ਮੇਰਾ ਆਧਾਰ ਹੈ।
ਭਾਰਤ ਮੈਨੂੰ ਤੇਰੇ ਨਾਲ ਪਿਆਰ ਹੈ।





ਬਾਲ ਕਹਾਣੀ: ਪ੍ਰਿਤਪਾਲ ਸਾਦਿਕ

# ਬੰਟੀ ਦੀ ਸੂਝਬੂਝ

ਬੰਟੀ ਬਾਂਦਰ ਬੜਾ ਹੁਸ਼ਿਆਰ ਸੀ। ਉਸ ਦਾ ਮਨ ਪੜ੍ਹਾਈ ਲਿਖਾਈ ਵਿੱਚ ਖੂਬ ਲੱਗਦਾ ਸੀ। ਉਸ ਨੂੰ ਨਵੀਆਂ-ਨਵੀਆਂ ਕਿਤਾਬਾਂ ਪੜ੍ਹਨ ਦਾ ਸ਼ੌਕ ਸੀ। ਉਹ ਬਾਲ ਕਹਾਣੀਆਂ ਦੀਆਂ ਕਿਤਾਬਾਂ ਵੀ ਬੜੀ ਰੁਚੀ ਨਾਲ ਪੜ੍ਹਦਾ ਸੀ। ਉਸ ਨੂੰ ਬਹੁਤ ਸਾਰੀਆਂ ਕਹਾਣੀਆਂ ਵੀ ਯਾਦ ਸਨ। ਕਦੇ-ਕਦੇ ਉਹ ਜੰਗਲ ਦੇ ਛੋਟੇ-ਛੋਟੇ ਬੱਚਿਆਂ ਨੂੰ ਕਹਾਣੀਆਂ ਅਤੇ ਕਵਿਤਾਵਾਂ ਵੀ ਸੁਣਾਉਂਦਾ।

ਬੰਟੀ ਆਪਣੇ ਸਾਥੀਆਂ ਨੂੰ ਵੀ ਪੜ੍ਹਨ ਲਈ ਪ੍ਰੇਰਿਤ ਕਰਦਾ। ਲੇਕਿਨ ਉਸ ਦੇ ਸਾਥੀ ਬਾਂਦਰ ਦਿਨ ਭਰ ਉੜਦੰਗ ਮਚਾਉਂਦੇ। ਕੋਈ ਪੜ੍ਹਨ ਦਾ ਨਾਮ ਨਹੀਂ ਲੈਂਦਾ। ਉਹ ਸਾਰੇ ਬੰਟੀ ਦਾ ਮਖੌਲ ਵੀ ਉਡਾਉਂਦੇ ਅਤੇ ਕਹਿੰਦੇ, ''ਹੁਣ ਪੜ੍ਹ-ਲਿਖ ਕੇ ਇਸ ਨੂੰ ਹੀ ਜੰਗਲ ਦਾ ਮਹਾਮੰਤਰੀ ਬਣਾਉਣਾ ਹੈ।'' ਇਹਨਾਂ ਸਾਰੀਆਂ ਗੱਲਾਂ ਦਾ ਬੰਟੀ ਤੇ ਕੋਈ ਵਿਸ਼ੇਸ਼ ਪ੍ਰਭਾਵ ਨਹੀਂ ਪੈਂਦਾ। ਉਹ ਆਪਣੇ ਕੰਮਾਂ ਵਿੱਚ ਲੱਗਾ ਰਹਿੰਦਾ।

ਬੰਟੀ ਦੀ ਬੇਨਤੀ ਤੇ ਹੀ ਜੰਗਲ ਦੇ ਰਾਜਾ ਸ਼ੇਰੂ ਸ਼ੇਰ ਨੇ ਜੰਗਲ ਵਿੱਚ ਇੱਕ ਵਿਸ਼ਾਲ ਲਾਇਬਰੇਰੀ ਦਾ ਨਿਰਮਾਣ ਕਰਵਾਇਆ ਸੀ। ਲਾਇਬਰੇਰੀ ਲਈ ਸ਼ਹਿਰ ਤੋਂ ਬਹੁਤ ਸਾਰੀਆਂ ਕਿਤਾਬਾਂ ਮੰਗਵਾਈਆਂ ਗਈਆਂ ਸਨ। ਉਥੇ ਜੰਗਲ ਦੇ ਬੱਚੇ, ਜਵਾਨ ਅਤੇ ਬੁੱਢੇ ਪੜ੍ਹਨ ਲਈ ਆਉਂਦੇ ਸਨ।

ਸ਼ੇਰੂ ਨੇ ਲਾਇਬਰੇਰੀ ਦੀ ਜ਼ਿੰਮੇਵਾਰੀ ਬੰਟੀ ਨੂੰ ਹੀ ਸੌਂਪੀ ਸੀ। ਉਹ ਹੀ ਲਾਇਬਰੇਰੀ ਦੀ ਦੇਖਭਾਲ ਕਰਦਾ ਸੀ। ਪੁਸਤਕਾਂ ਦੀ ਗਿਣਤੀ, ਉਹਨਾਂ ਤੇ ਜਿਲਤ ਚੜ੍ਹਾਉਣਾ, ਪਾਟੀਆਂ ਪੁਸਤਕਾਂ ਨੂੰ ਠੀਕ ਕਰਨਾ, ਕਿਤਾਬਾਂ ਦਾ ਰਿਕਾਰਡ ਰੱਖਣਾ ਬੰਟੀ ਬੜੀ ਜ਼ਿੰਮੇਵਾਰੀ ਦੇ ਨਾਲ ਕਰਦਾ।

''ਬੰਟੀ ਕੁੱਝ ਨਵੀਆਂ ਕਿਤਾਬਾਂ ਵੀ ਮੰਗਵਾਇਆ ਕਰੋ। ਮੈਂ ਤਾਂ ਇਹ ਸਾਰੀਆਂ ਕਿਤਾਬਾਂ ਪੜ੍ਹ ਚੁੱਕਾ ਹਾਂ।'' ਹਾਈਟੀ ਜਿਰਾਫ ਨੇ ਆਪਣਾ ਚਸ਼ਮਾ ਠੀਕ ਕਰਦੇ ਹੋਏ ਕਿਹਾ।


''ਅਰੇ ਵਾਹ! ਆਪ ਨੇ ਸਾਰੀਆਂ ਕਿਤਾਬਾਂ ਪੜ੍ਹ ਲਈਆਂ। ਇਹ ਤਾਂ ਬਹੁਤ ਚੰਗੀ ਗੱਲ ਹੈ। ਮੈਂ ਛੇਤੀ ਹੀ ਕੁਝ ਹੋਰ ਨਵੀਆਂ ਕਿਤਾਬਾਂ ਦਾ ਆਰਡਰ ਦਿੰਦਾ ਹਾਂ। ਆਪ ਨੂੰ ਬਹੁਤ ਛੇਤੀ ਹੀ ਨਵੀਆਂ ਕਿਤਾਬਾਂ ਪੜ੍ਹਨ ਨੂੰ ਮਿਲਣਗੀਆਂ।'' ਬੰਟੀ ਨੇ ਕਿਹਾ।

''ਠੀਕ ਹੈ। ਯਾਦ ਰੱਖਣਾ ਭੁੱਲਣਾ ਨਹੀਂ। ''ਇਹ ਕਹਿੰਦੇ ਹੋਏ ਹਾਈਟੀ ਉਥੋਂ ਚਲਾ ਗਿਆ।

''ਕੀ ਮੈਂ ਇਹ ਕਿਤਾਬ ਘਰ ਲਿਜਾ ਸਕਦਾ ਹਾਂ।'' ਚੀਕੂ ਖਰਗੋਸ਼ ਨੇ ਇੱਕ ਕਿਤਾਬ ਵਿਖਾਉਂਦੇ ਹੋਏ ਬੰਟੀ ਤੋਂ ਪੁੱਛਿਆ।

''ਕਿਉਂ ਨਹੀਂ, ਜ਼ਰੂਰ। ਤੂੰ ਲੈ ਜਾ ਸਕਦਾ ਹੈ। ਲੇਕਿਨ ਧਿਆਨ ਰੱਖਣਾ ਇਹ ਪਾਟੇ ਨਾ। ਤੈਨੂੰ ਇਹ ਇੱਕ ਹਫ਼ਤੇ ਵਿੱਚ ਵਾਪਸ ਵੀ ਕਰਨੀ ਪਏਗੀ।'' ਬੰਟੀ ਨੇ ਕਿਹਾ।

''ਮੈਂ ਇੱਕ ਹਫ਼ਤੇ ਤੋਂ ਪਹਿਲਾਂ ਹੀ ਪੜ੍ਹ ਕੇ ਵਾਪਸ ਕਰ ਦੇਵਾਂਗਾ।'' ਚੀਕੂ ਨੇ ਉਛਲਦੇ ਹੋਏ ਕਿਹਾ।





ਦੋਵਾਂ ਦੀਆਂ ਗੱਲਾਂ ਚਲ ਰਹੀਆਂ ਸਨ ਕਿ ਅਚਾਨਕ ਭੱਜੋ, ਭੱਜੋ... ਦੀਆਂ ਆਵਾਜ਼ਾਂ ਸੁਣਾਈ ਦੇਣ ਲੱਗੀਆਂ। ਬੰਟੀ ਨੇ ਵੇਖਿਆ ਤਾਂ ਉਹ ਹੈਰਾਨ ਹੋ ਗਿਆ। ਲਾਇਬ੍ਰੇਰੀ ਦੇ ਕੋਲ ਪਈ ਘਾਹ ਵਿੱਚ ਅੱਗ ਲੱਗ ਚੁੱਕੀ ਸੀ। ਘਾਹ ਧੂੰ-ਧੂੰ ਕਰਕੇ ਸੜ ਰਹੀ ਸੀ। ਅੱਗ ਜ਼ਿਆਦਾ ਫੈਲਣ ਨਾਲ ਲਾਇਬ੍ਰੇਰੀ ਨੂੰ ਖਤਰਾ ਸੀ।

ਬੰਟੀ ਨੇ ਅੱਗ ਲੱਗਣ ਦੇ ਬਾਦ ਵੀ ਹਿੰਮਤ ਨਹੀਂ ਹਾਰੀ। ਉਹ ਲਾਇਬ੍ਰੇਰੀ ਤੋਂ ਬਾਹਰ ਨਿਕਲ ਕੇ ਪਾਣੀ ਦਾ ਪ੍ਰਬੰਧ ਕਰਨ ਲੱਗਾ। ਉਸ ਨੇ ਆਪਣੇ ਸਾਥੀਆਂ ਨੂੰ ਵੀ ਆਵਾਜ਼ ਦਿੱਤੀ। ਸਾਥੀ ਬਾਂਦਰ ਅਤੇ ਹੋਰ ਜਾਨਵਰ ਵੀ ਆ ਗਏ।

''ਸਾਨੂੰ ਸਾਰਿਆਂ ਨੂੰ ਮਿਲ ਕੇ ਲਾਇਬ੍ਰੇਰੀ ਨੂੰ ਬਚਾਉਣਾ ਪਏਗਾ। ਇਹ ਸਾਡੇ ਜੰਗਲ ਦੀ ਜਾਇਦਾਦ ਹੈ।'' ਬੰਟੀ ਨੇ ਕਿਹਾ।

''ਲੇਕਿਨ ਕਿਵੇਂ? ਅੱਗ ਭਿਆਨਕ ਰੂਪ ਲੈ ਰਹੀ ਹੈ।'' ਜਾਨਵਰ ਬੋਲੇ।

''ਅਸੀਂ ਪਾਣੀ ਅਤੇ ਮਿੱਟੀ ਦੇ ਸਹਾਰੇ ਅੱਗ ਤੇ ਕਾਬੂ ਪਾ ਸਕਦੇ ਹਾਂ। ਸਾਨੂੰ ਇੱਕ ਲੰਮੀ ਕਤਾਰ ਬਣਾ ਕੇ ਪਾਣੀ ਅਤੇ ਮਿੱਟੀ ਅੱਗ ਤੇ ਸੁੱਟਣੀ ਪਏਗੀ।'' ਬੰਟੀ ਨੇ ਆਈਡੀਆ ਦੱਸਿਆ।

ਸਾਰੇ ਜਾਨਵਰਾਂ ਨੇ ਇੱਕ ਲੰਮੀ ਕਤਾਰ ਬਣਾਈ। ਸਾਰੇ ਇੱਕ-ਦੂਸਰੇ ਨੂੰ ਮਿੱਟੀ ਅਤੇ ਪਾਣੀ ਦੀਆਂ ਬਾਲਟੀਆਂ ਫੜਾ ਰਹੇ ਸਨ। ਹੱਕੂ ਹਾਥੀ ਅਤੇ ਉਸ ਦੇ ਸਾਥੀ ਸੁੰਡ ਵਿੱਚ ਪਾਣੀ ਭਰ ਕੇ ਅੱਗ ਤੇ ਪਾ ਰਹੇ ਸਨ। ਬੰਟੀ ਆਪਣੀ ਜਾਨ ਤੇ ਖੇਡ ਕੇ ਕਿਤਾਬਾਂ ਨੂੰ ਲਾਇਬ੍ਰੇਰੀ ਤੋਂ ਬਾਹਰ ਕੱਢ ਰਿਹਾ ਸੀ। ਉਸ ਨੇ ਬਹੁਤ ਘੱਟ ਸਮੇਂ ਵਿੱਚ ਹੀ ਬਹੁਤ ਸਾਰੀਆਂ ਕਿਤਾਬਾਂ ਸਹੀ-ਸਲਾਮਤ ਲਾਇਬ੍ਰੇਰੀ ਤੋਂ ਬਾਹਰ ਕੱਢ ਲਈਆਂ ਸਨ। ਕੁਝ ਹੀ ਸਮੇਂ ਵਿੱਚ ਸਮੂਹਿਕ ਯਤਨ ਅਤੇ ਬੰਟੀ ਦੀ ਸੂਝਬੂਝ ਨਾਲ ਅੱਗ ਤੇ ਕਾਬੂ ਪਾ ਲਿਆ ਗਿਆ ਸੀ। ਅੱਗ ਪੂਰੀ ਤਰ੍ਹਾਂ ਬੁੱਝ ਚੁੱਕੀ ਸੀ। ਲਾਇਬ੍ਰੇਰੀ ਬਰਬਾਦ ਹੋਣ ਤੋਂ ਬਚ ਚੁੱਕੀ ਸੀ।

ਕਵਿਤਾ: ਮੀਰਾ ਸਿੰਘ 'ਮੀਰਾ'

# ਚਿੜੀ ਦਾ ਦੁੱਖ

ਮੁੰਨੇ ਦੇ ਸੁਪਨੇ ਵਿੱਚ ਆਈ,
ਇੱਕ ਦਿਨ ਇੱਕ ਚਿੜੀ।
ਸੁੰਨਾ ਹੈ ਕਿਉਂ ਘਰ-ਵਿਹੜਾ,
ਬੋਲੋ ਨਾ ਮੁੰਨਾ ਭਾਈ।

ਜਦ ਤੋਂ ਗਈ ਤੂੰ ਪ੍ਰਦੇਸ਼,
ਚਿੱਠੀ ਭੇਜੀ ਨਾ ਕੋਈ ਸੰਦੇਸ਼।
ਇਸ ਲਈ ਘਰ ਵਿਹੜਾ ਸੁੰਨਾ,
ਉਹ ਮੇਰੀ ਪਿਆਰੀ ਚਿੜੀਏ।

ਮੁੰਨੇ ਦੀ ਸੁਣ ਗੱਲ ਪਿਆਰੀ,
ਸਿਸਕ ਪਈ ਚਿੜੀ ਵਿਚਾਰੀ।
ਸਵਾਰਥ ਲਿਪਤ ਇਨਸਾਨ,
ਕਰਦੇ ਨਹੀਂ ਕਿਸੇ ਦਾ ਧਿਆਨ।

ਇਨਸਾਨ ਦੀਆਂ ਕਰਤੂਤਾਂ ਦਾ,
ਕਰਨ ਲੱਗੀ ਉਹ ਜਿਕਰ।
ਆਪਣੀ ਦੁੱਖੀ ਕਥਾ,
ਮੁੰਨੇ ਨੂੰ ਕਹਿ ਸੁਣਾਈ।

ਮੁਸ਼ਕਿਲ ਹੋਇਆ ਜੀਣਾ,
ਆਪਣੀ ਮਜ਼ਬੂਰੀ ਦੱਸੀ।
ਸੁਣ ਚਿੜੀ ਦੀਆਂ ਗੱਲਾਂ,
ਭਰ ਆਈਆਂ ਮੁੰਨੇ ਦੀਆਂ ਅੱਖਾਂ।
ਤਦ ਮੁਰਗੇ ਨੇ ਬਾਂਗ ਲਗਾਈ,
ਮੁੰਨਾ ਜਾਗ ਜਾ ਸਵੇਰ ਹੋ ਗਈ।





# ਪੁਲਾੜ:

## ਜਿਥੇ ਦਿਨ ਵਿੱਚ ਵੀ ਤਾਰੇ ਵਿਖਾਈ ਦਿੰਦੇ ਹਨ



ਦੋਸਤੋਂ ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਸਾਡੀ ਅਕਾਸ਼ਗੰਗਾ ਵਿੱਚ ਸੂਰਜ ਵਰਗੇ 300 ਅਰਬ ਤਾਰੇ ਹਨ। ਇਹਨਾਂ ਤਾਰਿਆਂ ਦਾ ਆਕਾਰ ਸੂਰਜ ਵਰਗਾ ਹੀ ਹੈ। ਲੇਕਿਨ ਇੱਕ ਵੀ ਤਾਰੇ ਵਿੱਚ ਸੂਰਜ ਵਰਗਾ ਪ੍ਰਕਾਸ਼ ਦੇਣ ਦੀ ਸ਼ਕਤੀ ਨਹੀਂ ਹੈ। ਇਹ ਤਾਰੇ ਹੌਲ-ਹੌਲੀ ਟਿਮਟਿਮਾਉਂਦੇ ਰਹਿੰਦੇ ਹਨ ਅਤੇ ਆਸਮਾਨ ਵਿੱਚ ਇੱਧਰ-ਉਧਰ ਤੈਰਦੇ ਰਹਿੰਦੇ ਹਨ। ਜਦ ਇਹ ਤਾਰੇ ਆਪਸ ਵਿੱਚ ਟਕਰਾਉਂਦੇ ਹਨ ਤਾਂ ਭਿਅੰਕਰ ਵਿਸਫੋਟ ਹੁੰਦਾ ਹੈ। ਲੇਕਿਨ ਇਹਨਾਂ ਦਾ ਮਲਬਾ ਧਰਤੀ ਤਕ ਨਹੀਂ ਆ ਸਕਦਾ, ਜ਼ਿਆਦਾ ਉਚਾਈ ਹੋਣ ਦੇ ਕਾਰਣ ਵਾਯੂਮੰਡਲ ਵਿੱਚ ਹੀ ਤੈਰਦਾ ਰਹਿੰਦਾ ਹੈ ਅਤੇ ਮਲਬੇ ਦੇ ਕਣ ਹੌਲੀ-ਹੌਲੀ ਆਪਸ ਵਿੱਚ ਚਿਪਕ ਕੇ ਫਿਰ ਤੋਂ ਢੇਰ ਦਾ ਰੂਪ ਧਾਰਣ ਕਰਦੇ ਰਹਿੰਦੇ ਹਨ। ਸੂਰਜ ਦੇ ਪ੍ਰਕਾਸ਼ ਨਾਲ ਇਹਨਾਂ ਢੇਰਾਂ ਨੂੰ ਫਿਰ ਤੋਂ ਨਵਜੀਵਨ ਮਿਲਦਾ ਹੈ। ਇਹ ਲੱਖਾਂ-ਕਰੋੜਾਂ ਸਾਲਾਂ ਬਾਦ ਹੌਲੀ-ਹੌਲੀ ਹਲਕਾ-ਹਲਕਾ ਪ੍ਰਕਾਸ਼ ਪੈਦਾ ਕਰਨ ਲੱਗਦੇ ਹਨ ਅਤੇ ਫਿਰ ਤੋਂ ਆਸਮਾਨ ਵਿੱਚ ਤੈਰਨ ਲੱਗਦੇ ਹਨ।

ਦਿਨ ਅਤੇ ਰਾਤ ਦੇ ਸਫਰ ਵਿੱਚ ਹਜ਼ਾਰਾਂ ਤਾਰੇ ਰੋਜ਼ ਟਕਰਾਉਂਦੇ ਹਨ ਅਤੇ ਫਿਰ ਹੌਲੀ-ਹੌਲੀ ਜੁੜ ਕੇ ਤਾਰੇ ਦੀ ਤਰ੍ਹਾਂ ਟਿਮਟਿਮਾਉਣ ਲੱਗਦੇ ਹਨ। ਹਾਂ, ਨੀਲਗਗਨ ਵਿੱਚ ਤਾਰਿਆਂ ਦੀ ਜੋ ਵਿਸ਼ਾਲ ਬਰਾਤ ਹੈ ਉਸ ਨੂੰ 'ਮਿਲਕੀ ਵੇ' ਪੁਕਾਰਿਆ ਜਾਂਦਾ ਹੈ। ਪ੍ਰਿਥਵੀ ਤੋਂ ਨੀਲਗਗਨ ਵਿੱਚ ਨਜ਼ਰ ਆਉਣ ਵਾਲੇ ਸਾਰੇ ਤਾਰੇ 'ਮਿਲਕੀ ਵੇ' ਆਕਾਸ਼ਗੰਗਾ ਦਾ ਹਿੱਸਾ ਹਨ, ਲੇਕਿਨ ਬ੍ਰਹਮੰਡ ਦੇ ਫੈਲਾਵ ਵਿੱਚ ਅਜਿਹੀ ਨਾ ਜਾਣੇ ਕਿੰਨੀਆਂ ਹੀ ਅਕਾਸ਼ਗੰਗਾਵਾਂ ਹਨ। ਉਂਝ ਸਾਡਾ ਸੌਰਮੰਡਲ 'ਮਿਲਕੀ ਵੇ' ਆਕਾਸ਼ਗੰਗਾ ਦੇ ਵਿਸ਼ਾਲ ਪਰਿਵਾਰ ਦਾ ਇੱਕ ਛੋਟਾ-ਜਿਹਾ ਟੁਕੜਾ ਹੈ।



ਵਿਗਿਆਨਕਾਂ ਦੇ ਅਨੁਸਾਰ 'ਮਿਲਕੀ ਵੇ' ਦੀ ਧਾਰਣਾ ਨਵੀਂ ਨਹੀਂ ਕਹੀ ਜਾ ਸਕਦੀ। ਭਾਰਤੀ, ਮਿਸਰ, ਅਰਬੀ ਆਦਿ ਦੇ ਚਿੰਤਕਾਂ ਨੇ ਕਈ ਸਦੀਆਂ ਪਹਿਲਾਂ ਹੀ ਇਸ ਦਾ ਅਨੁਮਾਨ ਲਗਾ ਲਿਆ ਸੀ। ਇਤਿਹਾਸਕ ਤੱਤਾਂ ਤੋਂ ਪਤਾ ਲੱਗਦਾ ਹੈ ਕਿ 17ਵੀਂ ਸਦੀ ਦੇ ਪਹਿਲੇ ਪੜਾਅ ਵਿੱਚ ਵਿਗਿਆਨਕ ਗੈਲਿਲੀਓ ਨੇ ਆਪਣੇ ਟੈਲੀਸਕੋਪ ਵਿੱਚ ਵੇਖ ਕੇ ਆਕਾਸ਼ਗੰਗਾ ਦੀ ਅਧਿਕਾਰਿਕ ਪੁਸ਼ਟੀ ਕੀਤੀ। ਖਗੋਲ ਵਿਗਿਆਨੀਆਂ ਦੇ ਅਨੁਸਾਰ ਆਕਾਸ਼ਗੰਗਾ ਦੀ ਬਨਾਵਟ ਸਰਪਿਲਾਕਾਰ ਜਾਂ ਘੁਮਾਵਦਾਰ ਹੈ। ਪ੍ਰਿਥਵੀ ਤੋਂ ਵੇਖਣ ਨਾਲ 'ਮਿਲਕੀ ਵੇ' ਰਾਤ ਦੇ ਆਕਾਸ਼ ਨੂੰ ਦੋ ਸਪੱਸ਼ਟ ਗੋਲਾਕਾਰਾਂ ਵਿੱਚ ਵੰਡਦਾ ਹੈ। ਹਾਂ, ਇਸ ਦੇ ਆਧਾਰ ਤੇ ਮੰਨਿਆ ਜਾਂਦਾ ਹੈ ਕਿ ਸਾਡਾ ਸੌਰਮੰਡਲ ਆਕਾਸ਼ਗੰਗਾ ਦੇ ਅੰਦਰੂਨੀ ਕਿਨਾਰੇ ਤੇ ਸਥਿਤ ਹੈ।

ਖਗੋਲ ਵਿਗਿਆਨੀਆਂ ਦੀਆਂ ਟੈਲੀਸਕੋਪ ਖੋਜਾਂ ਨਾਲ ਪਤਾ ਲੱਗਾ ਹੈ ਕਿ ਇੰਡਰੋਮੇਡਾ ਆਕਾਸ਼ਗੰਗਾ ਵਿੱਚ 12 ਖਰਬ ਤੋਂ ਵੀ ਜ਼ਿਆਦਾ ਤਾਰੇ ਹਨ। ਬ੍ਰਹਮੰਡ ਵਿੱਚ 'ਮਿਲਕੀ ਵੇ' ਅਤੇ ਇੰਡਰੋਮੇਡਾ ਵਰਗੀਆਂ ਹੀ ਅਰਬਾਂ ਆਕਾਸ਼ਗੰਗਾਵਾਂ ਦੂਰ-ਦੂਰ ਤਕ ਫੈਲੀਆਂ ਹੋਈਆਂ ਹਨ।

ਗ੍ਰੀਕ ਵਿਗਿਆਨਕਾਂ ਦੀ ਇੱਕ ਤਾਜਾ ਖੋਜ ਦੇ ਮੁਤਾਬਿਕ 'ਮਿਲਕੀ ਵੇ' ਦੀ ਉਮਰ 14.2 ਅਰਬ ਸਾਲ ਹੈ ਅਰਥਾਤ ਬ੍ਰਹਮੰਡ ਦੀ ਉਮਰ ਜਿੰਨੀ। 'ਮਿਲਕੀ ਵੇ' ਵਿੱਚ ਤਾਰਿਆਂ ਦੇ ਨਾਲ ਹੀ ਧੂੜ ਕੇ ਕਣ ਅਤੇ ਗੈਸ ਪਿੰਡ ਵੀ ਸ਼ਾਮਿਲ ਹਨ ਜੋ ਚਾਰ ਬਾਹਾਂ ਦੀ ਸ਼ਕਲ ਵਿੱਚ ਉਸ ਦੀ ਘੁਮਾਵਦਾਰ ਰਚਨਾ ਦਾ ਨਿਰਮਾਣ ਕਰਦੇ ਹਨ।

'ਮਿਲਕੀ ਵੇ' ਦੇ ਕੇਂਦਰ ਤੋਂ ਸੂਰਜ ਦੀ ਅਨੁਮਾਨਿਤ ਦੂਰੀ 26 ਹਜ਼ਾਰ ਪ੍ਰਕਾਸ਼ਵਰਸ਼ ਹੈ। ਖਗੋਲ ਵਿਗਿਆਨੀਆਂ ਦਾ ਮੰਨਣਾ ਹੈ ਕਿ 'ਮਿਲਕੀ ਵੇ' ਲਗਭਗ 636 ਕਿ:ਮੀ: ਪ੍ਰਤੀ ਸੈਕਿੰਡ ਦੀ ਗਤੀ ਨਾਲ ਅੱਗੇ ਸਰਕ ਰਿਹਾ ਹੈ।

ਪੁਲਾੜ ਵਿੱਚ ਤਾਂ ਤਾਰੇ ਦਿਨ ਵਿੱਚ ਵੀ ਵਿਖਾਈ ਦਿੰਦੇ ਹਨ। ਮੰਗਲ ਗ੍ਰਹਿ ਨੂੰ 'ਰੈਡ ਸਟਾਰ' (ਲਾਲ ਤਾਰਾ) ਕਿਹਾ ਜਾਂਦਾ ਹੈ। ਸ਼ੁਕਰ ਗ੍ਰਹਿ ਨੂੰ 'ਈਵਨਿੰਗ ਸਟਾਰ' (ਸ਼ਾਮ ਦਾ ਤਾਰਾ) ਨਾਮ ਨਾਲ ਵੀ ਜਾਣਿਆ ਜਾਂਦਾ ਹੈ।

# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ :** ਤਰੇਲ ਕਿਉਂ ਬਣਦੀ ਹੈ?

**ਉਤਰ :** ਸਵੇਰੇ-ਸਵੇਰੇ ਘਾਹ ਅਤੇ ਰੁੱਖਾਂ-ਪੌਦਿਆਂ ਦੀਆਂ ਪੱਤੀਆਂ ਤੇ ਸੁਨਹਿਰੀ ਮੋਤੀਆਂ ਦੇ ਵਾਂਗ ਚਮਕਦੀਆਂ ਬੂੰਦਾਂ ਨੂੰ ਹੀ 'ਤਰੇਲ' ਕਹਿੰਦੇ ਹਨ। ਜਾਣਦੇ ਹੋ 'ਤਰੇਲ' ਕਿਉਂ ਬਣਦੀ ਹੈ? ਹਵਾ ਵਿੱਚ ਜਲਵਾਸ਼ਪ ਦੀਆਂ ਬੂੰਦਾਂ ਸਦਾ ਮੌਜੂਦ ਰਹਿੰਦੀਆਂ ਹਨ। ਹਵਾ ਵਿੱਚ ਮੌਜੂਦ ਜਲਵਾਸ਼ਪਾਂ ਦੀ ਇਸ ਮਾਤਰਾ ਨੂੰ ਨਮੀ ਜਾਂ ਆਰਦਰਤਾ (Humidity) ਦੇ ਨਾਮ ਨਾਲ ਪੁਕਾਰਿਆ ਜਾਂਦਾ ਹੈ। ਰਾਤ ਦੇ ਸਮੇਂ ਘਾਹ ਅਤੇ ਰੁੱਖ-ਪੌਦਿਆਂ ਦੀਆਂ ਪੱਤੀਆਂ ਦਾ ਤਾਪਮਾਨ ਹਵਾ ਦੇ ਤਾਪਮਾਨ ਤੋਂ ਘੱਟ ਹੁੰਦਾ ਹੈ। ਜਦ ਗਰਮ ਹਵਾ ਠੰਡੀ ਹਵਾ ਦੇ ਸੰਪਰਕ ਵਿੱਚ ਆਉਂਦੀ ਹੈ ਤਾਂ ਇਹ ਬੂੰਦਾਂ ਤਰੇਲ ਦੇ ਰੂਪ ਵਿੱਚ ਘਾਹ ਅਤੇ ਰੁੱਖ-ਪੌਦਿਆਂ ਦੀਆਂ ਪੱਤੀਆਂ ਤੇ ਜਮਾ ਹੋ ਜਾਂਦੀਆਂ ਹਨ।

**ਪ੍ਰਸ਼ਨ :** ਮਿੱਟੀ ਦੇ ਘੜੇ ਵਿੱਚ ਪਾਣੀ ਠੰਡਾ ਕਿਉਂ ਰਹਿੰਦਾ ਹੈ?

**ਉੱਤਰ :** ਮਿੱਟੀ ਦੇ ਘੜੇ ਵਿੱਚ ਛੋਟੇ-ਛੋਟੇ ਅਨੇਕ ਛੇਦ ਹੁੰਦੇ ਹਨ ਜਿਹਨਾਂ ਨੂੰ ਤੁਸੀਂ ਨੰਗੀਆਂ ਅੱਖਾਂ ਨਾਲ ਨਹੀਂ ਵੇਖ ਸਕਦੇ। ਜਦ ਘੜੇ ਵਿੱਚ ਪਾਣੀ ਭਰਿਆ ਜਾਂਦਾ ਹੈ ਤਾਂ ਪਾਣੀ ਇਹਨਾਂ ਛੇਕਾਂ ਦੀ ਸਹਾਇਤਾ ਨਾਲ ਘੜੇ ਦੀ ਬਾਹਰੀ ਪਰਤ ਤੇ ਆ ਜਾਂਦਾ ਹੈ ਜਿਸ ਨਾਲ ਵਾਸ਼ਪੀਕਰਣ ਦੀ ਕਿਰਿਆ ਨਾਲ ਘੜੇ ਦੇ ਅੰਦਰ ਦੇ ਪਾਣੀ ਦਾ ਤਾਪਮਾਨ ਘੱਟ ਹੋ ਜਾਂਦਾ ਹੈ ਅਤੇ ਪਾਣੀ ਠੰਡਾ ਰਹਿੰਦਾ ਹੈ।

**ਪ੍ਰਸ਼ਨ :** ਤੇਜ਼ਾਬੀ ਵਰਖਾ ਹਾਨੀਕਾਰਕ ਕਿਉਂ ਹੁੰਦੀ ਹੈ?

**ਉੱਤਰ :** ਕਾਰਖਾਨਿਆਂ ਅਤੇ ਸੜਕ ਤੇ ਚੱਲਣ ਵਾਲੇ ਵਾਹਨਾਂ ਤੋਂ ਜੋ ਧੂੰਆਂ ਨਿਕਲਦਾ ਹੈ ਉਸ ਵਿੱਚ ਸਲਫਰ ਡਾਈਆਕਸਾਇਡ ($SO_2$) ਅਤੇ ਨਾਈਟ੍ਰੋਜਨ ਆਕਸਾਇਡ ($NO_2$) ਵਰਗੀਆਂ ਹਾਨੀਕਾਰਕ ਗੈਸਾਂ ਹੁੰਦੀਆਂ ਹਨ। ਇਹ ਗੈਸਾਂ ਹਵਾ ਦੇ ਕਣਾਂ ਨਾਲ ਮਿਲ ਕੇ ਤੇਜ਼ਾਬੀ ਦ੍ਰਵ ਬਣਾਉਂਦੀਆਂ ਹਨ ਅਤੇ ਜ਼ਮੀਨ ਤੇ ਡਿਗਦੀਆਂ ਹਨ। ਇਸੇ ਨੂੰ 'ਤੇਜ਼ਾਬੀ ਵਰਖਾ' ਕਿਹਾ ਜਾਂਦਾ ਹੈ। ਤੇਜ਼ਾਬੀ ਵਰਖਾ ਜ਼ਹਿਰੀਲੀ ਹੋਣ ਦੇ ਕਾਰਣ ਰੁੱਖਾਂ-ਪੌਦਿਆਂ, ਪਸ਼ੂਆਂ, ਜਲ-ਜੀਵਾਂ ਅਤੇ ਇਮਾਰਤਾਂ ਲਈ ਹਾਨੀਕਾਰਕ ਹੈ। ■



# ਗਜਬ ਦੀ ਹੈ ਗਾਜਰ

ਸਿਹਤ (ਲੇਖ): ਕੈਲਾਸ਼ ਜੈਨ

ਗਾਜਰ ਸਰਦੀਆਂ ਵਿੱਚ ਬਹੁਤ ਜ਼ਿਆਦਾ ਮਾਤਰਾ ਵਿੱਚ ਮਿਲਣ ਵਾਲਾ ਕੰਦਮੂਲ ਹੈ। ਇਸ ਨੂੰ ਇੱਕ ਸੱਸਤੀ, ਅਸਾਨੀ ਨਾਲ ਮਿਲਣ ਅਤੇ ਗਜਬ ਦੀ ਪੌਸ਼ਟਿਕ ਚੀਜ ਕਿਹਾ ਜਾ ਸਕਦਾ ਹੈ। ਇਹ ਜ਼ਮੀਨ ਦੇ ਅੰਦਰ ਉਗਣ ਵਾਲੀ ਫਸਲ ਹੈ ਅਤੇ ਇਸ ਦਾ ਕਦ ਮੂਲੀ ਦੇ ਬਰਾਬਰ ਹੁੰਦਾ ਹੈ। ਸੰਸਕ੍ਰਿਤ ਵਿੱਚ ਇਸ ਨੂੰ ਗਜਰਰ, ਗੰਰਜਨ ਅਤੇ ਪਿੰਡ ਮੂਲ ਕਿਹਾ ਜਾਂਦਾ ਹੈ।

ਗਾਜਰ ਦੀ ਆਯੁਰਵੈਦ ਵਿੱਚ ਵੀ ਕਾਫੀ ਪ੍ਰਸ਼ੰਸਾ ਕੀਤੀ ਗਈ ਹੈ। ਆਯੁਰਵੈਦ ਦੇ ਅਨੁਸਾਰ ਗਾਜਰ ਮਿੱਠੀ, ਤਾਕਤ ਅਤੇ ਰਸ-ਭਰਪੂਰ, ਗਰਮ, ਅਰਸ਼, ਸੰਗ੍ਰਹਣੀ, ਕਫ ਅਤੇ ਵਾਤ ਨੂੰ ਨਸ਼ਟ ਕਰਨ ਵਾਲੀ ਹੁੰਦੀ ਹੈ। ਇਸ ਵਿੱਚ ਕਾਫੀ ਮਾਤਰਾ ਵਿੱਚ ਪ੍ਰੋਟੀਨ, ਲੋਹ ਤੱਤ, ਵਿਟਾਮਿਨ 'ਏ' ਅਤੇ 'ਡੀ', ਖਣਿਜ, ਲਵਣ, ਕੈਲਸ਼ੀਅਮ ਆਦਿ ਤੱਤ ਪਾਏ ਜਾਂਦੇ ਹਨ। ਖਾਸ ਤੌਰ ਤੇ ਵਿਟਾਮਿਨ 'ਏ' ਦੀ ਭਰਪੂਰ ਮੌਜੂਦਗੀ ਗਾਜਰ ਨੂੰ ਨੇਤਰ-ਰੋਗਾਂ ਦੇ ਲਈ ਰਾਮਬਾਣ ਦਵਾਈ ਬਣਾਉਂਦੀ ਹੈ।

ਰਸਾਇਣਿਕ ਰਚਨਾ ਦੇ ਮੁਤਾਬਿਕ ਪ੍ਰਤੀ ਸੌ ਗ੍ਰਾਮ ਗਾਜਰ ਵਿੱਚ ਹੇਠ ਲਿਖੇ ਤੱਤ ਪਾਏ ਜਾਂਦੇ ਹਨ - ਪਾਣੀ 86 ਗ੍ਰਾਮ, ਪ੍ਰੋਟੀਨ 0.9 ਗ੍ਰਾਮ, ਵਸਾ 0.10 ਗ੍ਰਾਮ, ਖਣਿਜ ਲਵਣ 1.10 ਗ੍ਰਾਮ, ਕਾਰਬੋਹਾਈਡ੍ਰੇਟਸ 10.7 ਗ੍ਰਾਮ, ਕੈਲਸ਼ੀਅਮ 0.08 ਗ੍ਰਾਮ ਅਤੇ ਫਾਸਫੋਰਸ 0.03 ਗ੍ਰਾਮ। ਇਸ ਦੇ ਇਲਾਵਾ, ਪ੍ਰਤੀ ਸੌ ਗ੍ਰਾਮ ਗਾਜਰ ਤੋਂ ਸਰੀਰ ਨੂੰ 48 ਕੈਲੋਰੀ ਊਰਜਾ ਮਿਲਦੀ ਹੈ।

ਵਿਟਾਮਿਨ 'ਏ' ਦੀ ਭਰਪੂਰਤਾ ਗਾਜਰ ਵਿੱਚ ਗਾਂ, ਮੱਝ ਅਤੇ ਬੱਕਰੀ ਦੇ ਦੁੱਧ ਤੋਂ ਵੀ ਜ਼ਿਆਦਾ ਹੁੰਦੀ ਹੈ। ਗਾਜਰ ਦੇ ਸੇਵਨ ਨਾਲ ਅੱਖਾਂ ਦੀ ਰੋਸ਼ਨੀ ਵਧਦੀ ਹੈ। ਨਿਯਮਿਤ ਰੂਪ ਨਾਲ ਗਾਜਰ ਖਾਣ ਵਾਲੇ ਨੂੰ ਕਦੇ ਵੀ ਰਤੌਂਦੀ ਰੋਗ ਨਹੀਂ ਹੁੰਦਾ।

ਰਕਤਕਣਾਂ ਵਿੱਚ ਵਾਧਾ, ਖ਼ੂਨ-ਸ਼ੁਧੀ ਅਤੇ ਸਰੀਰ ਦੀ ਰੋਗ-ਪ੍ਰਤੀਰੋਧਕ ਸ਼ਕਤੀ ਨੂੰ ਬਣਾਈ ਰੱਖਣ ਵਿੱਚ ਲੌਹ ਤੱਤ ਦਾ ਮਹੱਤਵਪੂਰਣ ਯੋਗਦਾਨ ਰਹਿੰਦਾ ਹੈ। ਇਹ ਸਾਨੂੰ ਗਾਜਰ ਤੋਂ ਕਾਫੀ ਮਾਤਰਾ ਵਿੱਚ ਮਿਲਦਾ ਹੈ। ਗਾਜਰ ਵਿੱਚ ਆਇਰਨ ਅਤੇ ਫਾਸਫੋਰਸ ਦੇ ਇਲਾਵਾ ਪ੍ਰੋਟੀਨ, ਕਾਰਬੋਹਾਈਡ੍ਰੇਟਸ ਆਦਿ ਤੱਤ ਵੀ ਪਾਏ ਜਾਂਦੇ ਹਨ, ਜੋ ਸਰੀਰ ਨੂੰ ਊਰਜਾ ਪ੍ਰਦਾਨ ਕਰਦੇ ਹਨ। ਫਾਸਫੋਰਸ ਅਤੇ ਕੈਲਸ਼ੀਅਮ ਸਰੀਰ ਦੀਆਂ ਹੱਡੀਆਂ



ਆਯੁਰਵੈਦ ਦੇ ਅਨੁਸਾਰ, ਗਾਜਰ ਸਰੀਰ ਦੇ ਦੂਸ਼ਿਤ ਖ਼ੂਨ ਨੂੰ ਸਾਫ਼ ਕਰਦੀ ਹੈ। ਇਹ ਸਰੀਰ ਦੀ ਬੇਲੋੜੀ ਗਰਮੀ ਨੂੰ ਸ਼ਾਂਤ ਕਰਦੀ ਹੈ। ਕੱਚੀ ਗਾਜਰ ਦਾ ਰਸ ਰੋਗ-ਨਿਵਾਰਕ, ਤ੍ਰਿਪਦਾਇਕ ਪੌਸ਼ਟਿਕ ਅਤੇ ਸਵਾਦਿਸ਼ਟ ਪੀਣ ਵਾਲਾ ਪਦਾਰਥ ਹੈ। ਗਾਜਰ ਦੇ ਰਸ ਦਾ ਸੇਵਨ ਖਾਲੀ ਪੇਟ ਕਰਨਾ ਹੀ ਜ਼ਿਆਦਾ ਅਸਰਦਾਰ ਹੈ। ਇਸ ਨਾਲ ਪੇਟ ਸਾਫ ਰਹਿੰਦਾ ਹੈ ਅਤੇ ਪਾਚਨ-ਸੰਸਥਾਨ ਚੰਗੀ ਤਰ੍ਹਾਂ ਕੰਮ ਕਰਦਾ ਹੈ।

ਗਾਜਰ ਨੂੰ ਕੱਚਾ ਖਾਣਾ ਜ਼ਿਆਦਾ ਲਾਭਦਾਇਕ ਹੈ ਕਿਉਂਕਿ ਪਕਾਉਣ ਨਾਲ ਉਸ ਦੇ ਅਨੇਕ ਪੌਸ਼ਟਿਕ ਤੱਤ ਨਸ਼ਟ ਹੋ ਜਾਂਦੇ ਹਨ। ਜਿਥੋਂ ਤਕ ਮੁਮਕਿਨ ਹੋ ਸਕੇ ਗਾਜਰ ਨੂੰ ਸਵੇਰ ਦੇ ਸਮੇਂ ਖਾਉ ਅਤੇ ਦੰਦਾਂ ਨਾਲ ਚੰਗੀ ਤਰ੍ਹਾਂ ਚਬਾ ਕੇ ਖਾਉ। ਗਾਜਰ ਨੂੰ ਚੰਗੀ ਤਰ੍ਹਾਂ ਚਬਾ ਕੇ ਖਾਣ ਨਾਲ ਦੰਦਾਂ ਦੀ ਵੀ ਚੰਗੀ ਕਸਰਤ ਹੋ ਜਾਂਦੀ ਹੈ ਅਤੇ ਉਹ ਮਜ਼ਬੂਤ ਹੁੰਦੇ ਹਨ।

ਗਾਜਰ ਪੀਲੀਆ ਦੀ ਕੁਦਰਤੀ ਦਵਾਈ ਹੈ। ਯੂਰਪ ਵਿੱਚ ਪੀਲੀਆ ਦੇ ਰੋਗੀਆਂ ਨੂੰ ਗਾਜਰ ਦਾ ਰਸ, ਗਾਜਰ ਦਾ ਸੂਪ ਜਾਂ ਗਾਜਰ ਦਾ ਗਰਮ ਕਾੜ੍ਹਾ ਦੇਣ ਦਾ ਰਿਵਾਜ ਹੈ।

ਸੌ ਗ੍ਰਾਮ ਗਾਜਰ ਦਾ ਰਸ ਰੋਜ਼ ਪੀਣ ਨਾਲ ਮਸੂੜੇ ਅਤੇ ਦੰਦਾਂ ਦੇ ਰੋਗ ਪੈਦਾ ਨਹੀਂ ਹੁੰਦੇ ਅਤੇ ਦੰਦਾਂ ਦੀਆਂ ਜੜ੍ਹਾਂ ਮਜ਼ਬੂਤ ਹੁੰਦੀਆਂ ਹਨ। ਕੱਚੀ ਗਾਜਰ ਨੂੰ ਪੀਸ ਕੇ ਅੱਗ ਨਾਲ ਸੜੇ ਸਥਾਨ ਤੇ ਲਗਾਉਣ ਨਾਲ ਜਲਣ ਘੱਟ ਹੁੰਦੀ ਹੈ ਅਤੇ ਫਫੋਲੇ ਵੀ ਨਹੀਂ ਪੈਂਦੇ।

ਗਾਜਰ ਦੇ ਦਵਾਈ ਉਪਯੋਗਾਂ ਦੇ ਇਲਾਵਾ ਇਸ ਦੇ ਵਿਅੰਜਨ ਵੀ ਖਾਣ ਵਿੱਚ ਸਵਾਦਿਸ਼ਟ ਅਤੇ ਪੌਸ਼ਟਿਕ ਹੁੰਦੇ ਹਨ। ਗਾਜਰ ਨਾਲ ਸੂਪ, ਸਲਾਦ, ਹਲਵਾ, ਖੀਰ, ਮੁਰੱਬਾ, ਬਰਫੀ ਆਦਿ ਵਿਅੰਜਨ ਬਣਾਏ ਜਾਂਦੇ ਹਨ, ਜਿਹਨਾਂ ਨੂੰ ਲੋਕ ਚਾਅ ਨਾਲ ਖਾਂਦੇ ਹਨ। ਕੁੱਲ ਮਿਲਾ ਕੇ ਇਹ ਇੱਕ ਸਵਾਦੀ, ਰੁਚੀਕਾਰ ਅਤੇ ਸਿਹਤ ਵਧਾਊ ਹੁੰਦੀ ਹੈ।

ਅਤੇ ਦੰਦਾਂ ਨੂੰ ਮਜ਼ਬੂਤੀ ਪ੍ਰਦਾਨ ਕਰਦੇ ਹਨ। ਸੇਬ ਫਲ ਦੀ ਬਜਾਏ ਗਾਜਰ ਵਿੱਚ ਕੈਲਸ਼ੀਅਮ, ਆਇਰਨ, ਥਾਯਮਿਨ ਰਾਈਬੋਫਲੇਵਿਨ, ਨਾਯਸਿਨ ਅਤੇ ਕੈਰੋਟੀਨ ਨਾਮਕ ਤੱਤ ਜ਼ਿਆਦਾ ਮਾਤਰਾ ਵਿੱਚ ਪਾਏ ਜਾਂਦੇ ਹਨ, ਜੋ ਸਿਹਤ-ਵਧਾਉਣ ਦੇ ਨਾਲ-ਨਾਲ ਗਾਜਰ ਨੂੰ ਸੇਬ ਫਲ ਤੋਂ ਜ਼ਿਆਦਾ ਉਪਯੋਗੀ ਬਣਾਉਂਦੇ ਹਨ। ਸੇਬ ਵਿੱਚ ਗਾਜਰ ਦੇ ਮੁਕਾਬਲੇ ਊਰਜਾ (ਕੈਲੋਰੀ) ਅਤੇ ਫਾਸਫੋਰਸ ਹੀ ਜ਼ਿਆਦਾ ਹੁੰਦਾ ਹੈ।

ਖਣਿਜ ਪਦਾਰਥਾਂ ਦੀ ਦ੍ਰਿਸ਼ਟੀ ਨਾਲ ਵੀ ਗਾਜਰ ਦਾ ਕੋਈ ਸਾਨੀ ਨਹੀਂ, ਇਸ ਵਿੱਚ ਖਾਸ ਖਣਿਜ ਪੋਟੇਸ਼ੀਅਮ ਹੋਣ ਦੇ ਨਾਲ-ਨਾਲ ਸੋਡੀਅਮ, ਕੈਲਸ਼ੀਅਮ, ਮੈਗਨੀਸ਼ੀਅਮ, ਕਲੋਰੀਨ ਆਦਿ ਵੀ ਮੌਜੂਦ ਹੁੰਦੇ ਹਨ। ਖਣਿਜਾਂ ਦੀ ਘਾਟ ਵਾਲੇ ਵਿਅਕਤੀਆਂ ਲਈ ਗਾਜਰ ਇੱਕ ਆਦਰਸ਼ ਟਾਨਿਕ ਹੈ ਜੋ ਆਂਤੜੀਆਂ ਦੀ ਸੜਨ ਅਤੇ ਗੰਦਗੀ ਨੂੰ ਦੂਰ ਕਰਦਾ ਹੈ।

ਗਾਜਰ ਵਿੱਚ ਸੰਤੁਲਿਤ ਅਹਾਰ ਦੇ ਸਾਰੇ ਗੁਣ ਮੌਜੂਦ ਹਨ। ਇਹ ਅਨਿੰਦਰਾ ਅਤੇ ਥਕਾਨ ਤੋਂ ਮੁਕਤੀ ਦਵਾਉਂਦੀ ਹੈ। ਇਸ ਦੇ ਇਲਾਵਾ ਗਾਜਰ ਦਾ ਸੇਵਨ ਬੱਚਿਆਂ ਨੂੰ ਦੁੱਧ ਪਿਲਾਉਣ ਵਾਲੀਆਂ ਮਾਵਾਂ ਲਈ ਦੁੱਧ ਵਧਾਉਣ ਵਾਲਾ ਹੁੰਦਾ ਹੈ। ਗਾਜਰ ਦੇ ਰਸ ਦਾ ਸੇਵਨ ਪੇਟ ਦੇ ਕੀੜਿਆਂ ਨੂੰ ਨਸ਼ਟ ਕਰਦਾ ਹੈ। ਨੱਕ, ਕੰਨ ਅਤੇ ਗਲੇ ਦੇ ਰੋਗਾਂ ਵਿੱਚ ਵੀ ਗਾਜਰ ਦਾ ਇਸਤੇਮਾਲ ਲਾਭਦਾਇਕ ਹੈ। ਕਬਜ਼, ਖ਼ੂਨ ਦੀ ਖਰਾਬੀ ਅਤੇ ਬੱਚਿਆਂ ਦੀ ਆਮ ਕਮਜ਼ੋਰੀ ਆਦਿ ਵਿੱਚ ਵੀ ਗਾਜਰ ਦਾ ਸੇਵਨ ਉਪਯੋਗੀ ਹੁੰਦਾ ਹੈ।



ਬਾਲ ਕਹਾਣੀ: ਰਾਧੇਲਾਲ

# ਨੀਲੂ ਦੀ ਜ਼ਿੱਦ

ਉਦਯਪੁਰ ਝੀਲਾਂ ਦਾ ਨਗਰ ਹੈ। ਉਥੇ ਇੱਕ ਵੱਡੀ ਸਾਰੀ ਝੀਲ ਹੈ, ਜਿਸ ਦੇ ਪੱਛਮੀ ਕਿਨਾਰੇ ਤੇ ਮੱਛੀਆਂ ਰਹਿੰਦੀਆਂ ਸਨ। ਨੀਲੂ ਇੱਕ ਛੋਟੀ ਜਿਹੀ ਮੱਛੀ ਸੀ। ਬਹੁਤ ਸੁੰਦਰ ਅਤੇ ਪਿਆਰੀ ਸੀ ਪਰ ਜ਼ਿੱਦੀ ਵੀ ਘੱਟ ਨਹੀਂ ਸੀ। ਜਿਸ ਗੱਲ ਦੀ ਜ਼ਿੱਦ ਕਰਦੀ, ਮੰਮੀ ਤੋਂ ਉਸ ਨੂੰ ਮਨਵਾ ਕੇ ਪੂਰੀ ਕਰ ਲੈਂਦੀ। ਉਸ ਦੇ ਜ਼ਿੱਦੀ ਸੁਭਾਅ ਦੇ ਕਾਰਣ ਮਾਂ ਪ੍ਰੇਸ਼ਾਨ ਰਹਿੰਦੀ।

ਨੀਲੂ ਨੂੰ ਆਪਣੀ ਮਾਂ ਦੀ ਪ੍ਰੇਸ਼ਾਨੀ ਕਦੇ ਸਮਝ ਵਿੱਚ ਨਹੀਂ ਆਉਂਦੀ। ਇਸ ਲਈ ਉਹ ਹਮੇਸ਼ਾਂ ਲਾਪਰਵਾਹੀ ਦੀ ਜ਼ਿੰਦਗੀ ਗੁਜਾਰਦੀ।

ਇੱਕ ਦਿਨ ਨੀਲੂ ਬਹੁਤ ਤੜਕੇ ਉਠੀ। ਘਰ ਤੋਂ ਬਾਹਰ ਨਿਕਲੀ। ਵੇਖਿਆ, ਝੀਲ ਦੇ ਪੂਰਬੀ ਕਿਨਾਰੇ ਤੋਂ ਲਾਲ-ਲਾਲ ਗੋਲ ਸੂਰਜ ਹੌਲੀ-ਹੌਲੀ ਨਿਕਲ ਰਿਹਾ ਹੈ। ਅਜਿਹਾ ਉਹ ਪਹਿਲੀ ਵਾਰ ਵੇਖ ਰਹੀ ਸੀ।ਇਹ ਨਜ਼ਾਰਾ ਉਸ ਨੇ ਪਹਿਲਾਂ ਕਦੇ ਨਹੀਂ ਵੇਖਿਆ ਸੀ। ਉਹ ਬਹੁਤ ਖੁਸ਼ ਹੋਈ। ਦੋ-ਤਿੰਨ ਮਿੰਟ ਤਕ ਉਹ ਉਗਦੇ ਸੂਰਜ ਨੂੰ ਇੱਕਟਕ ਵੇਖਦੀ ਰਹੀ। ਫਿਰ ਝੱਟ ਦੌੜ ਕੇ ਮੰਮੀ ਦੇ ਕੋਲ ਗਈ ਅਤੇ ਉਸ ਨੂੰ ਲੈ ਕੇ ਬਾਹਰ ਆਈ। ਫਿਰ ਬੋਲੀ- ਵੇਖੋ ਮੰਮੀ, ਪੂਰਬ ਤੋਂ ਚੜ੍ਹ ਰਿਹਾ ਸੂਰਜ ਕਿੰਨਾ ਪਿਆਰਾ ਲਗ ਰਿਹਾ ਹੈ।

-ਹਾਂ, ਤੈਨੂੰ ਰੋਜ਼ ਦੇਰ ਨਾਲ ਉਠਣ ਦੀ ਆਦਤ ਹੈ ਨਾ, ਇਸ ਲਈ ਚੜ੍ਹਦੇ ਸੂਰਜ ਨੂੰ ਤੂੰ ਵੇਖ



ਨਹੀਂ ਸਕਦੀ। ਅੱਜ ਤੜਕੇ ਉਠੀ ਹੋ ਤਾਂ ਵੇਖ ਰਹੀ ਹੋ।

– ਮੰਮੀ ਮੈਂ ਝੀਲ ਦੇ ਪੂਰਬੀ ਕਿਨਾਰੇ ਜਾਣਾ ਚਾਹੁੰਦੀ ਹਾਂ ਜਿਥੋਂ ਸੂਰਜ ਨਿਕਲ ਰਿਹਾ ਹੈ।

– ਨੀਲੂ ਮਸੂਮੀਅਤ ਨਾਲ ਬੋਲੀ।

– ਨਹੀਂ, ਬੇਟੀ! ਮੰਮੀ ਨੇ ਚੇਤਾਵਨੀ ਦਿੱਤੀ– ਉਹ ਕਿਨਾਰਾ ਇਥੋਂ ਬਹੁਤ ਦੂਰ ਹੈ। ਤੂੰ ਉਥੇ ਜਾਣ ਦੀ ਕਦੇ ਸੋਚਣਾ ਵੀ ਨਾ।

– ਕਿਉਂ?

– ਰਾਹ ਭਟਕ ਕੇ ਗਵਾਚ ਜਾਉਗੀ।

– ਤੁਹਾਡੇ ਨਾਲ ਚਲਾਂਗੀ।

– ਨੀਲੂ ਨੇ ਜਿੱਦ ਫੜੀ।

– ਨਹੀਂ ਮੈਨੂੰ ਘਰ ਵਿੱਚ ਬਹੁਤ ਕੰਮ ਹੈ ਅਤੇ ਫਿਰ ਐਨੀ ਦੂਰ ਜਾਣਾ ਸਾਡੇ ਲੋਕਾਂ ਦੇ ਵੱਸ ਦੀ ਗੱਲ ਨਹੀਂ। ਤੂੰ ਇਹ ਜਿੱਦ ਛੱਡ ਦੇ। – ਮੰਮੀ ਨੇ ਨੀਲੂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ।

ਨੀਲੂ ਚੁੱਪ ਰਹੀ। ਉਸ ਨੇ ਸੋਚਿਆ– ਸ਼ਾਇਦ ਮੰਮੀ ਉਸ ਦੀ ਇਹ ਜਿੱਦ ਪੂਰੀ ਨਹੀਂ ਕਰੇਗੀ। ਇਸ ਲਈ ਮੈਨੂੰ ਇੱਕਲੇ ਹੀ ਝੀਲ ਦੇ ਪੂਰਬੀ ਕਿਨਾਰੇ ਤੇ ਜਾਣਾ ਪਏਗਾ। – ਆਪਣੇ ਮਨ ਦੀ ਗੱਲ ਨੀਲੂ ਨੇ ਕਿਸੇ ਨੂੰ ਨਹੀਂ ਦੱਸੀ।

– ਠੀਕ ਹੈ। –ਕਹਿ ਕੇ ਨੀਲੂ ਨੇ ਮੰਮੀ ਨੂੰ ਚਕਮਾ ਦਿੱਤਾ।

ਨਿਸ਼ਚਿੰਤ ਹੋ ਕੇ ਮੰਮੀ ਘਰ ਦੇ ਕੰਮਾਂ ਵਿੱਚ ਉਲਝ ਗਈ। ਕਰੀਬ ਤਿੰਨ ਘੰਟੇ ਬਾਦ ਮੰਮੀ ਨੇ ਨੀਲੂ ਨੂੰ ਖਾਣੇ ਲਈ ਪੁਕਾਰਿਆ। ਲੇਕਿਨ ਕਿਤੋਂ ਵੀ ਨੀਲੂ ਦੀ ਆਵਾਜ਼ ਨਹੀਂ ਆਈ। ਮੰਮੀ ਪ੍ਰੇਸ਼ਾਨ ਹੋ ਉਠੀ। ਉਸ ਨੇ ਆਸਪਾਸ ਸਾਰੀ ਥਾਂ ਨੀਲੂ ਨੂੰ ਲੱਭਿਆ ਪਰ ਉਹ ਕਿਤੇ ਵੀ ਦਿਖਾਈ ਨਹੀਂ ਦਿੱਤੀ। ਉਸ ਦੀਆਂ ਸਹੇਲੀਆਂ ਤੋਂ ਵੀ ਨੀਲੂ ਦੀ ਮੰਮੀ ਨੇ ਪੁੱਛਗਿੱਛ ਕੀਤੀ। ਕਿਸੇ ਨੇ ਵੀ ਉਸ ਦੇ ਬਾਰੇ ਵਿੱਚ ਨਹੀਂ ਦੱਸਿਆ।

ਹੁਣ ਮੰਮੀ ਦਾ ਦਿਮਾਗ ਠਣਕਿਆ। ਉਹ ਸੋਚਣ ਲੱਗੀ, 'ਹੋ ਨਾ ਹੋ ਅਜਿਹਾ ਲੱਗਦਾ ਹੈ, ਨੀਲੂ ਇੱਕਲੀ ਝੀਲ ਦੇ ਪੂਰਬੀ ਕਿਨਾਰੇ ਚਲੀ ਗਈ ਹੋਵੇ। ਸਵੇਰੇ ਜਾਣ ਦੀ ਜ਼ਿੱਦ ਕਰ ਰਹੀ ਸੀ।' ਫਿਰ ਕੀ ਸੀ, ਮੰਮੀ ਝੱਟ ਉਸ ਦੀ ਭਾਲ ਵਿੱਚ ਨਿਕਲ ਪਈ।

ਪੂਰਬੀ ਕਿਨਾਰੇ ਤੇ ਉਹ ਕਿਤੇ ਨਹੀਂ ਮਿਲੀ। ਮੰਮੀ ਉੱਤਰੀ ਕਿਨਾਰੇ ਵੱਲ ਵਧੀ। ਉਥੇ ਵੀ ਕਿਤੇ ਨਜ਼ਰ ਨਹੀਂ ਆਈ। ਹਾਰ ਕੇ ਮੰਮੀ ਵਾਪਿਸ ਪੱਛਮੀ ਕਿਨਾਰੇ ਆਪਣੇ ਘਰ ਆ ਗਈ। ਇੱਕ ਗਵਾਂਢੀ ਮੱਛੀ ਨੇ ਉਸ ਨੂੰ ਪ੍ਰੇਸ਼ਾਨ ਵੇਖ ਕੇ ਪੁੱਛਿਆ ਤਾਂ ਉਸ ਨੇ ਨੀਲੂ ਦੇ ਗਾਇਬ ਹੋਣ ਅਤੇ ਗਵਾਚ ਜਾਣ ਦੀ ਗੱਲ ਦੱਸੀ। ਦੱਖਣੀ ਕਿਨਾਰਾ ਲੱਭਣਾ ਬਾਕੀ ਰਹਿ ਗਿਆ ਹੈ, ਇਹ ਵੀ ਜਾਣਕਾਰੀ ਉਸ ਨੂੰ ਗਵਾਂਢਣ ਮੱਛੀ ਨੇ ਦਿੱਤੀ।

ਤਦੇ ਟੈਲੀਫੋਨ ਦੀ ਘੰਟੀ ਵੱਜ ਉੱਠੀ। ਨੀਲੂ ਦੀ ਮੰਮੀ ਨੇ ਟੈਲੀਫੋਨ ਕੰਨ ਨਾਲ ਲਗਾ ਕੇ ਕਿਹਾ – ਹੈਲੋ!

ਦੂਸਰੇ ਪਾਸਿਉਂ ਆਵਾਜ਼ ਆਈ– ਕੀ ਆਪ ਨੀਲੂ ਦੀ ਮੰਮੀ ਹੋ?

– ਹਾਂ, ਨੀਲੂ ਕਿੱਥੇ ਹੈ?

– ਹਾਲਾਂ ਡਰੀ-ਸਹਿਮੀ ਹੈ। ਖੂਬ ਘਬਰਾਈ ਹੋਈ ਹੈ। ਰੋ ਰਹੀ ਹੈ।

– ਆਪ ਕੌਣ ਹੋ?

– ਮੈਂ ਕਾਲੂ ਡੱਡੂ ਹਾਂ। ਡੱਡੂਆਂ ਦੀ ਬਸਤੀ ਤੋਂ ਬੋਲ ਰਿਹਾ ਹਾਂ। – ਕਾਲੂ ਨੇ ਅਗੇ ਕਿਹਾ– ਨੀਲੂ ਬੋਲ ਰਹੀ ਸੀ, ਉਹ ਝੀਲ ਦੇ ਪੂਰਬੀ ਕਿਨਾਰੇ ਸੂਰਜ ਦਾ ਘਰ ਵੇਖਣ ਲਈ ਚੁੱਪਚਾਪ ਆਪਣੇ ਘਰ ਤੋਂ ਇੱਕਲੀ ਨਿਕਲ ਪਈ ਸੀ ਪਰ ਰਾਹ ਭਟਕ ਕੇ ਉਹ ਸਾਡੀ ਬਸਤੀ ਵਿੱਚ ਆ ਪਹੁੰਚੀ ਹੈ। ਅਸੀਂ ਉਸ ਨੂੰ ਬਹੁਤ ਹੌਸਲਾ ਦਿੱਤਾ ਅਤੇ ਭਰੋਸਾ ਦਿਲਾਇਆ ਕਿ ਉਸ ਨੂੰ ਉਸ ਦੇ ਘਰ ਪਹੁੰਚਾ ਦੇਵਾਂਗੇ ਤਾਂ ਉਹ ਕੁੱਝ ਸੰਭਲੀ। ਬੜੀ ਮੁਸ਼ਕਿਲ ਨਾਲ ਉਸ ਨੇ ਸਾਨੂੰ ਆਪਣਾ ਨਾਂ ਦੱਸਿਆ ਅਤੇ ਕਈ ਵਾਰ ਪੁੱਛਣ ਤੇ ਘਰ ਦਾ ਟੈਲੀਫੋਨ ਨੰਬਰ ਦੱਸਿਆ।

– ਕੀ ਤੁਸੀਂ ਮੇਰੀ ਨੀਲੂ ਨਾਲ ਗੱਲ ਕਰਾ ਸਕਦੇ ਹੋ?

– ਕਿਉਂ ਨਹੀਂ।

ਦੋਵੇਂ ਮਾਂ-ਬੇਟੀ ਥੋੜੀ ਦੇਰ ਤਕ ਟੈਲੀਫੋਨ ਤੇ ਇੱਕ-ਦੂਸਰੇ ਨਾਲ ਗੱਲਾਂ ਕਰਕੇ ਜਦ ਚਿੰਤਾਮੁਕਤ ਹੋਈਆਂ ਤਾਂ ਮੰਮੀ ਨੇ ਨੀਲੂ ਨੂੰ ਕਿਹਾ– ਹੁਣ ਤੂੰ ਟੈਲੀਫੋਨ ਆਪਣੇ ਕਾਲੂ ਚਾਚਾ ਨੂੰ ਦੇ।


ਕਾਲੂ ਡੱਡੂ ਨੇ ਟੈਲੀਫੋਨ ਤੇ ਨੀਲੂ ਦੀ ਮੰਮੀ ਨੂੰ ਕਿਹਾ – ਤੁਸੀਂ ਘਬਰਾਉ ਨਹੀਂ। ਮੈਂ ਨੀਲੂ ਨੂੰ ਲੈ ਕੇ ਆਪ ਦੇ ਘਰ ਪਹੁੰਚ ਰਿਹਾ ਹਾਂ।

– ਬਹੁਤ ਖੂਬ ਕਾਲੂ ਭਰਾ। ਮੈਂ ਆਪ ਦੋਵਾਂ ਦੇ ਆਉਣ ਦੀ ਉਡੀਕ ਕਰ ਰਹੀ ਹਾਂ।

ਲਗਭਗ ਦੋ ਘੰਟੇ ਦੇ ਬਾਦ ਕਾਲੂ ਡੱਡੂ ਨੀਲੂ ਮੱਛੀ ਨੂੰ ਲੈ ਕੇ ਉਸ ਦੇ ਘਰ ਆ ਪਹੁੰਚਾ ਤਾਂ ਨੀਲੂ ਮੰਮੀ ਨਾਲ ਚਿਪਕ ਕੇ ਫੁਟ-ਫੁਟ ਕੇ ਰੋਣ ਲੱਗੀ। ਫਿਰ ਚੁੱਪ ਹੋ ਕੇ ਬੋਲੀ– ਹੁਣ ਮੈਂ ਕਦੇ ਵੀ ਕਿਸੇ ਗੱਲ ਲਈ ਜ਼ਿੱਦ ਨਹੀਂ ਕਰਾਂਗੀ ਅਤੇ ਤੁਹਾਡੀ ਹਰ ਗੱਲ ਮੰਨਾਂਗੀ।

ਮੰਮੀ ਨੇ ਪਿਆਰ ਨਾਲ ਨੀਲੂ ਨੂੰ ਸਮਝਾਇਆ– ਮੇਰੀ ਚੰਗੀ ਬੇਟੀ, ਮੇਰੀ ਗੱਲ ਨਾ ਮੰਨਣ ਅਤੇ ਆਪਣੀ ਜ਼ਿੱਦ ਪੂਰੀ ਕਰਨ ਦਾ ਨਤੀਜਾ ਤਾਂ ਅੱਜ ਤੂੰ ਵੇਖ ਹੀ ਲਿਆ ਨਾ! ਇਹ ਤਾਂ ਤੇਰੇ ਕਾਲੂ ਚਾਚਾ ਚੰਗੇ ਹਨ ਜੋ ਤੈਨੂੰ ਘਰ ਤਕ ਲੈ ਆਏ ਵਰਨਾ ਅੱਜ ਕਲ ਬੁਰੇ ਲੋਕਾਂ ਦੀ ਘਾਟ ਨਹੀਂ ਹੈ। ਤੇਰੀ ਜਾਨ ਨੂੰ ਵੀ ਖਤਰਾ ਸੀ।

–ਹਾਂ, ਮੰਮੀ!– ਨੀਲੂ ਨੇ ਸਵੀਕਾਰਿਆ ਅਤੇ ਫਿਰ ਜ਼ਿੱਦ ਨਾ ਕਰਨ ਦੀ ਕਸਮ ਖਾਧੀ।






ਇੱਕ ਔਰਤ ਆਪਣੇ ਭੁੱਲਣ ਦੀ ਆਦਤ ਤੋਂ ਬਹੁਤ ਪ੍ਰੇਸ਼ਾਨ ਸੀ। ਉਹ ਆਪਣੀ ਸਹੇਲੀ ਨੂੰ ਬੋਲੀ –

ਮੈਨੂੰ ਭੁੱਲਣ ਦੀ ਬਹੁਤ ਬੁਰੀ ਆਦਤ ਹੈ। ਜੇਕਰ ਮੈਂ ਬਾਜਾਰ ਤੋਂ ਚਾਰ ਚੀਜ਼ਾਂ ਲੈਣ ਜਾਂਦੀ ਹਾਂ ਤਾਂ ਦੋ ਹੀ ਲੈ ਕੇ ਆਉਂਦੀ ਹਾਂ।

ਇਸ ਤੇ ਉਸ ਦੀ ਸਹੇਲੀ ਬੋਲੀ –

ਮੇਰਾ ਤਾਂ ਇਸ ਤੋਂ ਵੀ ਬੁਰਾ ਹਾਲ ਹੈ। ਜੇਕਰ ਮੈਂ ਪੌੜੀਆਂ ਚੜ ਰਹੀ ਹੁੰਦੀ ਹਾਂ ਤਾਂ ਰੁੱਕ ਕੇ ਸੋਚਣਾ ਪੈਂਦਾ ਹੈ ਕਿ ਮੈਂ ਚੜ ਰਹੀ ਹਾਂ ਜਾਂ ਉਤਰ ਰਹੀ ਹਾਂ।

---

ਮਾਂ : (ਰਾਜੂ ਨੂੰ) ਰਾਜੂ, ਬਾਜਾਰ ਤੋਂ ਗਰਮ ਮਸਾਲਾ ਲੈ ਆਉ।

ਰਾਜੂ : (ਵਾਪਸ ਆ ਕੇ) ਮਾਂ ਮੈਂ ਸਾਰੀਆਂ ਦੁਕਾਨਾਂ ਤੇ ਮਸਾਲੇ ਨੂੰ ਛੂਹ ਕੇ ਵੇਖਿਆ ਕੋਈ ਵੀ ਮਸਾਲਾ ਗਰਮ ਨਹੀਂ ਸੀ।

– ਕਿਰਣ ਵਾਲੀਆ

ਮਾਂ : (ਆਪਣੇ ਬੇਟੇ ਨੂੰ) ਨਾਲਾਇਕ ਪੜ ਲੈ। ਤੂੰ ਆਪਣੀ ਕੋਈ ਬੁੱਕ ਅੱਜ ਤਕ ਖੋਲ੍ਹ ਕੇ ਵੀ ਵੇਖੀ ਹੈ ....?

ਬੇਟਾ : ਹਾਂ ਮਾਂ! ਮੈਂ ਰੋਜ਼ ਆਪਣੀ ਬੁੱਕ ਖੋਲਦਾ ਹਾਂ।

ਮਾਂ : ਕਿਹੜੀ ਬੁੱਕ....?

ਬੇਟਾ : ਫੇਸਬੁੱਕ......।

---

ਦਾਦੀ : ਟਿੰਨੀ, ਜੇਕਰ ਤੂੰ ਮੈਨੂੰ ਤੰਗ ਕੀਤਾ ਤਾਂ ਮੈਂ ਤੈਨੂੰ ਕੱਚਾ ਚਬਾ ਜਾਵਾਂਗੀ।

ਟਿੰਨੀ : (ਹੱਸਦੇ ਹੋਏ) ਦਾਦੀ ਜੀ, ਆਪ ਕੱਚਾ ਕਿਵੇਂ ਚਬਾਉਗੀ, ਆਪ ਦੇ ਤਾਂ ਦੰਦ ਹੀ ਨਹੀਂ ਹਨ।

– ਡਾ. ਰਾਮਲਖਨ ਪ੍ਰਜਾਪਤੀ

ਇੱਕ ਦਿਨ ਬੁੱਧਰਾਮ ਬਾਜ਼ਾਰ ਗਿਆ। ਰਾਹ ਵਿੱਚ ਇੱਕ ਚੋਰ ਆ ਕੇ ਉਸ ਦਾ ਮੋਬਾਇਲ ਖੋਹ ਕੇ ਭੱਜ ਗਿਆ। ਪਹਿਲਾਂ ਤਾਂ ਬੁੱਧਰਾਮ ਉਸ ਦੇ ਪਿੱਛੇ ਭੱਜਿਆ, ਲੇਕਿਨ ਥੋੜੀ ਦੇਰ ਬਾਦ ਰੁੱਕ ਗਿਆ ਅਤੇ ਜ਼ੋਰ ਨਾਲ ਬੋਲਿਆ – ਲੈ ਜਾ, ਲੈ ਜਾ ਇਸ ਦਾ ਚਾਰਜਰ ਤਾਂ ਮੇਰੇ ਕੋਲ ਹੀ ਹੈ।

– ਨਿਸ਼ਠਾ ਆਨੰਦ



ਟੀਚਰ : ਸ਼ਾਸਤਰੀ ਸੰਗੀਤ ਅਤੇ ਡਿਸਕੋ ਡਾਂਸ ਵਿੱਚ ਕੀ ਫਰਕ ਹੈ?

ਬੱਚਾ : ਪਹਿਲੇ ਵਿੱਚ ਸਿਰ ਹਿਲਾਉਂਦਾ ਹਾਂ ਅਤੇ ਦੂਸਰੇ ਵਿੱਚ ਪੈਰ।

---

ਨਵੀਨ : ਆਪਣੇ ਮੁਹੱਲੇ ਦੇ ਚੌਕੀਦਾਰ ਨੂੰ) ਰਾਮਲਾਲ, ਤੂੰ ਰਾਤ ਨੂੰ ਪਹਿਰਾ ਦਿੰਦੇ ਸਮੇਂ 'ਜਾਗਦੇ ਰਹੋ' ਹੀ ਕਿਉਂ ਬੋਲਦਾ ਹੈ?

ਚੌਕੀਦਾਰ: ਸਾਹਿਬ ਇਸ ਲਈ ਕਿ ਤੁਸੀਂ ਲੋਕ ਜਾਗਦੇ ਰਹੋ ਅਤੇ ਮੈਂ ਸੌਂ ਜਾਊਂ।

---

ਗੁੱਡੀ : (ਅਮਨ ਨੂੰ) ਵੀਰ ਮੈਂ ਬਰਫ ਖਾਵਾਂਗੀ।

ਅਮਨ : ਗੁੱਡੀ, ਸਰਦੀਆਂ ਵਿੱਚ ਬਰਫ ਨਹੀਂ ਖਾਂਦੇ।

ਗੁੱਡੀ : ਵੀਰ, ਮੈਂ ਬਰਫ ਗਰਮ ਕਰਕੇ ਖਾ ਲਵਾਂਗੀ।

---

ਅਧਿਆਪਕ : (ਸ਼ੇਰੂ ਨੂੰ) ਤੂੰ ਕਿੰਨੇ ਦਿਨਾਂ ਤਕ ਵਰਖਾ ਹੁੰਦੀ ਵੇਖੀ ਹੈ?

ਸ਼ੇਰੂ : ਇੱਕ ਦਿਨ ਤਕ।

ਅਧਿਆਪਕ : ਕਿਉਂ ਦੋ ਦਿਨ ਤਕ ਵਰਖਾ ਨਹੀਂ ਹੋ ਸਕਦੀ?

ਸ਼ੇਰੂ : ਨਹੀਂ ਸਰ! ਕਿਉਂਕਿ ਵਿੱਚ ਰਾਤ ਵੀ ਤਾਂ ਆਉਂਦੀ ਹੈ।

– ਗੌਰਵ ਗੁਪਤਾ

ਮੋਲੂ : ਜੇਕਰ ਤੇਰੀ ਇੱਕ ਜੇਬ ਵਿੱਚ 50 ਰੁਪਏ ਹੋਣ, ਦੂਸਰੀ ਵਿੱਚ 100 ਰੁਪਏ ਹੋਣ ਤਾਂ ਕੀ ਸੋਚੋਗੇ?

ਗੁਲੂ : ਇਹੀ ਕਿ ਦਰਜ਼ੀ ਨੇ ਤੀਸਰੀ ਜੇਬ ਕਿਉਂ ਨਹੀਂ ਲਗਾਈ।

---

ਅੰਕਲ : ਰਾਜੇਸ਼, ਸੁਣਿਆ ਹੈ ਤੇਰੇ ਘਰ ਵਿੱਚ ਨਵਾਂ 'ਬੇਬੀ' ਆਇਆ ਹੈ।

ਰਾਜੇਸ਼ : ਜੀ ਨਵਾਂ ਕੀ ਕਹਿੰਦੇ ਹੋ ਤੁਸੀਂ! ਜਦ ਰੋਂਦਾ ਹੈ ਤਾਂ ਲੱਗਦਾ ਹੈ ਕਿ ਸਾਲਾਂ ਤੋਂ ਰੋਣਾ ਸਿਖਦਾ ਆਇਆ ਹੈ।

– ਆਕਾਸ਼

ਇੱਕ ਮੋਟੇ ਨੌਜਵਾਨ ਨੇ ਆਪਣੇ ਮਿੱਤਰ ਨੂੰ ਕਿਹਾ– ਮੈਂ ਅੱਜਕਲ ਦੌੜਨ ਦਾ ਅਭਿਆਸ ਕਰ ਰਿਹਾ ਹਾਂ। ਇੱਕ ਗੱਲ ਤਾਂ ਦੱਸ, ਪੀ.ਟੀ. ਊਸ਼ਾ ਨੂੰ ਤੇਜ਼ ਦੌੜਨ ਤੇ ਉਡਣਪਰੀ ਕਹਿੰਦੇ ਸਨ। ਮੈਂ ਜਦ ਤੇਜ਼ ਦੌੜਾਂਗਾ ਤਾਂ ਮੈਨੂੰ ਕੀ ਕਹਿਣਗੇ?

ਮਿੱਤਰ ਬੋਲਿਆ : ਉੜਨਖਟੋਲਾ।

---

ਲਾਲੀ : ਮੋਨਾ, ਅੱਜਕੱਲ ਤੂੰ ਅੰਗ੍ਰੇਜ਼ੀ ਬਹੁਤ ਬੋਲਦੀ ਹੈ?

ਮੋਨਾ : ਦੀਦੀ ਪੇਪਰਾਂ ਵਿੱਚ ਮੈਂ ਅੰਗ੍ਰੇਜ਼ੀ ਦਾ ਪੂਰਾ ਪੇਪਰ ਚਬਾ ਲਿਆ ਸੀ।

– ਨਿਸ਼ਾ ਚੌਧਰੀ

## ਖੁਸ਼ੀਆਂ ਦਾ ਤਿਉਹਾਰ

# ਹੋਲੀ ਰੰਗਾਂ ਦੀ

ਰੰਗਾਂ ਵਿਚ ਹੈ ਪਿਆਰ ਕਿ ਹੋਲੀ ਰੰਗਾਂ ਦੀ
ਖੁਸ਼ੀਆਂ ਦਾ ਤਿਉਹਾਰ ਕਿ ਹੋਲੀ ਰੰਗਾਂ ਦੀ।

ਢੋਲ ਨਗਾਰੇ ਬੋਲੀ ਗਿੱਧੇ ਭੰਗੜੇ ਨੇ।
ਗਲ ਨਾਲ ਮਿਲ ਕੇ ਲੋਕੀ ਛੱਡਦੇ ਝਗੜੇ ਨੇ।
ਜੀਵਨ ਦੇ ਦਿਨ ਚਾਰ ਕਿ ਹੋਲੀ ਰੰਗਾਂ ਦੀ।
ਖੁਸ਼ੀਆਂ ਦਾ ਤਿਉਹਾਰ ਕਿ ਹੋਲੀ ਰੰਗਾਂ ਦੀ।

ਹੋਲਿਕਾ ਭੈਣ ਸੜੀ, ਜੀਉਂਦਾ ਹੈ ਪ੍ਰਹਿਲਾਦ।
ਦੋਹਾਂ ਨੂੰ ਜਗ ਤੇ ਲੋਕੀਂ ਕਰਦੇ ਯਾਦ।
ਰੱਬ ਉਤੇ ਇਤਬਾਰ ਹੋਲੀ ਰੰਗਾਂ ਦੀ।
ਖੁਸ਼ੀਆਂ ਦਾ ਤਿਉਹਾਰ ਕਿ ਹੋਲੀ ਰੰਗਾਂ ਦੀ।

ਬੱਚੇ ਖੇਡ ਰਹੇ ਨੇ ਪਿਚਕਾਰੀ ਨਾਲ।
ਦੌੜਮ-ਦੌੜ ਹਾਸੇ ਨੇ ਕਿਲਕਾਰੀ ਨਾਲ।
ਬਿੱਕਾ ਮਿੱਠੂ ਯਾਰ ਕਿ ਹੋਲੀ ਰੰਗਾਂ ਦੀ।
ਖੁਸ਼ੀਆਂ ਦਾ ਤਿਉਹਾਰ ਕਿ ਹੋਲੀ ਰੰਗਾਂ ਦੀ।

ਰੰਗ ਬਿਰੰਗੇ ਰੰਗਾਂ ਦਾ ਹੈ ਸਾਰਾ ਦੇਸ਼।
'ਬਾਲਮ' ਲਗਦਾ ਸੁੰਦਰ ਅਤੇ ਪਿਆਰਾ ਦੇਸ਼।
ਰੰਗਿਆ ਸਭਿਆਚਾਰ ਕਿ ਹੋਲੀ ਰੰਗਾਂ ਦੀ।
ਖੁਸ਼ੀਆਂ ਦਾ ਤਿਉਹਾਰ ਕਿ ਹੋਲੀ ਰੰਗਾਂ ਦੀ।

ਕਵਿਤਾ: ਬਲਵਿੰਦਰ ਬਾਲਮ



# ਸਾਧਾਰਨ ਗਿਆਨ ਪ੍ਰਸ਼ਨੋਤਰੀ



(ਸਭ ਸਵਾਲਾਂ ਦੇ ਜੁਆਬ 'ਰ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉੱਤਰ ਲਿਖਦੇ ਜਾਉ।)

1) ਅਮਰੀਕਾ ਦੀ ਮੁਦਰਾ ਕਿਹੜੀ ਹੈ?
2) 'ਭਾਰਤ ਰਤਨ' ਪੁਰਸਕਾਰ ਪ੍ਰਾਪਤ ਕਰਨ ਵਾਲੀ ਪਹਿਲੀ ਗਾਇਕਾ ਕੌਣ ਹੈ?
3) ਰੋਮੀਉ ਐਂਡ ਜੂਲੀਅਟ ਦਾ ਲੇਖਕ ਕੌਣ ਸੀ?
4) ਸਰਸਵਤੀ ਦਾ ਵਾਹਨ ਕਿਹੜਾ ਹੈ?
5) ਝਾਰਖੰਡ ਰਾਜ ਪਹਿਲਾਂ ਕਿਸ ਭਾਰਤੀ ਰਾਜ ਦਾ ਹਿੱਸਾ ਸੀ?
6) ਏਸ਼ੀਆਈ ਖੇਡਾਂ ਦਾ ਆਯੋਜਨ ਕਿਤਨੇ ਸਾਲ ਬਾਅਦ ਹੁੰਦਾ ਹੈ?
7) ਕਿਸ ਨਦੀ ਨੂੰ 'ਬੰਗਾਲ ਦਾ ਸ਼ੋਗ' ਕਹਿੰਦੇ ਹਨ?
8) ਦੁੱਧ ਦੀ ਸ਼ੁੱਧਤਾ ਦੀ ਜਾਂਚ ਕਰਨ ਵਾਲੇ ਯੰਤਰ ਨੂੰ ਕੀ ਕਹਿੰਦੇ ਹਨ?
9) ਕਿਹੜਾ ਪਾਕਿਸਤਾਨੀ ਕ੍ਰਿਕਟਰ ਰਾਵਲਪਿੰਡੀ ਐਕਸਪ੍ਰੈਸ ਦੇ ਨਾਂ ਤੇ ਮਸ਼ਹੂਰ ਹੈ?
10) ਕਿਸ ਮਹੀਨੇ ਦੀ ਦੋ ਤਾਰੀਖ ਨੂੰ 'ਅੰਤਰਰਾਸ਼ਟਰੀ ਅਹਿੰਸਾ ਦਿਵਸ' ਕਹਿੰਦੇ ਹਨ?
11) ਭਾਰਤ ਦੇ ਰਾਸ਼ਟਰਗਾਨ ਦੇ ਲੇਖਕ ਕੌਣ ਸਨ?
12) ਅਕਬਰ ਦੇ ਦਾਦਾ ਦਾ ਕੀ ਨਾਂ ਸੀ?
13) ਪੰਡਿਤ ਸ਼ਿਵਕੁਮਾਰ ਸ਼ਰਮਾਂ ਕਿਸ ਸੰਗੀਤ ਯੰਤ੍ਰ ਨਾਲ ਸਬੰਧਿਤ ਹਨ?
14) ਰਾਜਸਥਾਨ ਦੇ ਕਿਸ ਸ਼ਹਿਰ ਨੂੰ 'ਝੀਲਾਂ ਦਾ ਸ਼ਹਿਰ' ਕਿਹਾ ਜਾਂਦਾ ਹੈ?
15) ਉਤਰਾਖੰਡ ਦੇ ਕਿਸ ਸ਼ਹਿਰ ਵਿਚ 'ਹਰ ਕੀ ਪੌੜੀ' ਹੈ?

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)

ਪੇਸ਼ਕਸ਼: ਵਿਕਾਸ ਅਰੋੜਾ



# ਕਿੱਟੀ

ਚਿੱਤਰਕਾਰ ਅਤੇ ਲੇਖਕ
–ਅਜੈ ਕਾਲੜਾ







ਤੂੰ ਕਰੇਗੀ ਤਿਆਰੀ?
ਛੱਡੋ ਸਾਰੀਆਂ ਤਿਆਰੀਆਂ ਮੈਂ ਖੁਦ ਕਰ ਲਵਾਂਗੀ।
ਵੇਖੋ! ਮੈਂ ਸਾਰੀ ਲਾਇਟਸ ਲੈ ਆਈ। ਤੁਸੀਂ ਸਾਰੇ ਹੁਣ ਖੜੇ ਹੋ ਕੇ ਵੇਖੋ।
ਹੁਣ ਤੂੰ ਵੇਖਣਾ ਸਾਡਾ ਪਾਰਕ ਕਿਵੇਂ ਜਗਮਗਾਏਗਾ।


ਧੜਾਮ!
ਅਰੇ! ਅਰੇ! ਮੈਂ ਤਾਂ ਡਿਗ ਗਈ।
ਹੁਣ ਕੁੱਝ ਫਰਕ ਨਹੀਂ ਪੈਂਦਾ, ਸਾਰੀਆਂ ਤਿਆਰੀਆਂ ਤਾਂ ਹੋ ਹੀ ਚੁੱਕੀਆਂ ਹਨ।
ਚਲੋ! ਚਲੋ! ਅਸੀਂ ਸਾਰੇ ਮਿਲ ਕੇ ਹੁਣ ਖੇਡਦੇ ਹਾਂ।
ਕਿੱਟੀ! ਅੱਜ ਤੂੰ ਐਨਾ ਸਾਰਾ ਕੰਮ ਕਿਵੇਂ ਕਰ ਲਿਆ?
ਮੈਂ ਸਾਰਿਆਂ ਨੂੰ ਹਮੇਸ਼ਾਂ ਤੋਂ ਤੰਗ ਕੀਤਾ ਹੈ ਲੇਕਿਨ ਅੱਜ ਮੈਂ ਇੱਕ ਪ੍ਰਣ ਲੈਣਾ ਚਾਹੁੰਦੀ ਹਾਂ ਕਿ ਹੁਣ ਮੈਂ ਕਿਸੇ ਨੂੰ ਤੰਗ ਨਹੀਂ ਕਰਾਂਗੀ।


ਚਲੋ! ਚਲੋ! ਅਸੀਂ ਸਾਰੇ ਮਿਲ ਕੇ ਕੇਕ ਕੱਟਦੇ ਹਾਂ।
ਕਿੱਟੀ ਹੁਣ ਬਿਲਕੁਲ ਬਦਲ ਚੁੱਕੀ ਹੈ ਨਾ ਦੋਸਤੋ ਅਤੇ ਸਜਾਵਟ ਵੀ ਉਸ ਨੇ ਚੰਗੀ ਕੀਤੀ ਹੈ। ਕਿਉਂ ਨਾ ਅਸੀਂ ਉਸ ਨੂੰ ਇੱਕ ਤੋਹਫਾ ਦਈਏ।
ਹਾਂ! ਹਾਂ! ਤੂੰ ਬਿਲਕੁਲ ਠੀਕ ਕਿਹਾ।
ਕਿੱਟੀ ਵੇਖੋ! ਤੇਰੇ ਲਈ ਕੀ ਹੈ।
ਵਾਹ! ਮੋਟੂੰ, ਮੌਲੀ, ਚਿੰਟੂ ਤੁਸੀਂ ਸਾਰੇ ਕਿੰਨੇ ਚੰਗੇ ਹੋ। ਇਹ ਮੈਨੂੰ ਹਮੇਸ਼ਾਂ ਯਾਦ ਰਹੇਗਾ।



# ਮਨੁੱਖ ਅਤੇ ਪੰਛੀਆਂ ਲਈ ਖਤਰਨਾਕ ਚਾਇਨਾ ਡੋਰ

*ਲੇਖ: ਪ੍ਰਮੋਦ ਧੀਰ*

***(ਪਾਬੰਦੀ ਦੇ ਬਾਵਜੂਦ ਕਿਉਂ ਨਹੀਂ ਰੁਕ ਰਿਹਾ ਖ਼ੂਨੀ ਡੋਰ ਦਾ ਰੁਝਾਨ)***

ਭਾਰਤ ਤਿਉਹਾਰਾਂ ਦਾ ਦੇਸ਼ ਹੈ ਜਿਥੇ ਸਾਰਾ ਸਾਲ ਕੋਈ ਨਾ ਕੋਈ ਤਿਉਹਾਰ ਆਉਂਦਾ ਹੀ ਰਹਿੰਦਾ ਹੈ ਅਤੇ ਲੋਕ ਆਪਣੇ ਰੀਤੀ ਰਿਵਾਜ਼ਾਂ ਅਨੁਸਾਰ ਤਿਉਹਾਰ ਮਨਾਉਂਦੇ ਹਨ। ਇਸ ਤਰ੍ਹਾਂ ਬਸੰਤ ਪੰਚਮੀ ਅਜਿਹਾ ਤਿਉਹਾਰ ਹੈ ਜਿਸ ਨੂੰ ਸਾਰੇ ਹੀ ਰਲ ਮਿਲ ਕੇ ਮਨਾਉਂਦੇ ਹਨ। ਇਸ ਦਿਨ ਲੋਕ ਪੀਲੇ ਕਪੜੇ ਪਾਉਣੇ ਪਸੰਦ ਕਰਦੇ ਹਨ, ਚਾਰੇ ਪਾਸੇ ਫੁੱਲਾਂ ਦੀ ਖੁਸ਼ਬੂ ਅਤੇ ਸੁੰਦਰਤਾ ਮਹਿਕਦੀ ਹੋਈ ਵੇਖਣ ਨੂੰ ਮਿਲਦੀ ਹੈ। ਇਸ ਦਿਨ ਬੱਚੇ ਤੋਂ ਲੈ ਕੇ ਬੁੱਢੇ ਤੱਕ ਤਕਰੀਬਨ ਹਰੇਕ ਉਮਰ ਦਾ ਵਿਅਕਤੀ ਪਤੰਗਬਾਜੀ ਦਾ ਲੁਤਫ ਜ਼ਰੂਰ ਲੈਣਾ ਪਸੰਦ ਕਰਦਾ ਹੈ।

ਪਤੰਗਬਾਜੀ ਪੁਰਾਤਨ ਸਮੇਂ ਤੋਂ ਹੀ ਚਲੀ ਆ ਰਹੀ ਪਰੰਪਰਾ ਹੈ ਇਸ ਸੰਬੰਧੀ ਰਾਜੇ ਮਹਾਂਰਾਜਿਆਂ ਦੁਆਰਾ ਖੁਦ ਪਤੰਗਬਾਜੀ ਦੇ ਮੁਕਾਬਲੇ ਕਰਵਾਏ ਜਾਂਦੇ ਸਨ। ਬਸੰਤ ਦੇ ਦਿਨਾਂ ਵਿੱਚ ਪਤੰਗਬਾਜੀ ਦੇ ਸ਼ੌਂਕ ਵਧ ਜਾਂਦੇ ਹਨ ਤੇ ਕਈ ਬੱਚੇ ਸਾਰਾ ਸਾਲ ਹੀ ਪਤੰਗ ਉਡਾਉਣਾ ਪਸੰਦ ਕਰਦੇ ਹਨ। ਅੱਜ ਕੱਲ ਲੋਕ ਬਸੰਤ ਦੇ ਦਿਨ ਆਪਣੇ ਕੋਠਿਆਂ ਤੇ ਚੜ੍ਹ ਦੇ ਡੀ.ਜੇ. ਆਦਿ ਲਗਾ ਕੇ ਖੂਬ ਪਤੰਗ ਚੜ੍ਹਾਉਂਦੇ ਹਨ ਤੇ ਸ਼ਰਤਾਂ ਲਗਾਉਂਦੇ ਹਨ। ਫਿਰ ਇੱਕ ਦੂਜੇ ਦੇ ਪਤੰਗ ਕੱਟ ਕੇ ਰੌਲਾ ਪਾ ਕੇ ਭੰਗੜੇ ਪਾ ਕੇ ਚੀਕਾਂ ਮਾਰ ਕੇ ਦਿਲ ਪ੍ਰਚਾਵਾ ਕਰਦੇ ਹਨ। ਮਨੋਰੰਜਨ ਕਰਨਾ ਮਾੜੀ ਗੱਲ ਨਹੀਂ। ਪਰ ਅੱਜ ਕੱਲ ਪਤੰਗਬਾਜੀ ਲਈ ਲੋਕ ਪਲਾਸਟਿਕ ਧਾਗੇ ਦੀ ਡੋਰ ਵਰਤਣ ਲੱਗ ਪਏ ਹਨ ਜੋ ਕਿ ਮਨੁੱਖ ਲਈ ਅਤੇ ਪੰਛੀਆਂ ਲਈ ਬਹੁਤ ਹੀ ਖਤਰਨਾਕ 'ਤੇ ਜਾਨਲੇਵਾ ਹੈ।

**ਕੀ ਹੈ ਇਹ ਡੋਰ?** ਇਹ ਡੋਰ ਪਲਾਸਟਿਕ ਧਾਗੇ ਤੇ ਲੋਹੇ ਦੇ ਪਾਊਡਰ ਨਾਲ ਸੂਤੀ ਹੁੰਦੀ ਹੈ। ਇਹ ਖਤਰਨਾਕ ਅਤੇ ਜਾਨਲੇਵਾ ਸੁਮੇਲ ਹੈ, ਇਸ ਲਈ ਇਸ ਨੂੰ 'ਕਿੱਲਰ ਡੋਰ' ਵੀ ਕਿਹਾ ਜਾਂਦਾ ਹੈ।

**ਕੀ ਹਨ ਇਸ ਡੋਰ ਦੇ ਨੁਕਸਾਨ?** ਨਾ-ਟੁੱਟਣ ਯੋਗ ਅਤੇ ਨਾ ਗਲਣ ਯੋਗ ਪਲਾਸਟਿਕ ਦਾ ਧਾਗਾ ਜਿਥੇ ਕੁਦਰਤ ਦੇ ਅਨਮੋਲ ਵਾਤਾਵਰਨ ਨੂੰ ਵਿਗਾੜਦਾ ਹੈ, ਉਥੇ ਇਹ ਇਨਸਾਨਾਂ ਅਤੇ ਪੰਛੀਆਂ ਲਈ ਮੌਤ ਦਾ ਫੰਦਾ ਬਣ ਜਾਂਦਾ ਹੈ। ਇਸ ਤੇ ਲੱਗਿਆ ਲੋਹੇ ਦਾ ਪਾਊਡਰ, ਬਿਜਲੀ ਦੀਆਂ ਤਾਰਾਂ ਨੂੰ ਛੂਹਣ ਨਾਲ ਬਿਜਲੀ ਦਾ ਕਰੰਟ ਪਾਸ ਕਰਦਾ ਹੈ ਅਤੇ ਸਾਡੇ ਬੱਚਿਆਂ ਨੂੰ ਜਾਨੀ ਨੁਕਸਾਨ ਪਹੁੰਚਾ ਸਕਦਾ ਹੈ। ਇਸ ਦੀ ਵਰਤੋਂ ਨਾਲ ਵੱਡੀ ਗਿਣਤੀ ਵਿੱਚ ਵਿਦੇਸ਼ੀ ਪੂੰਜੀ ਬਰਬਾਦ ਹੁੰਦੀ ਹੈ। ਇਸ ਡੋਰ ਨਾਲ ਸਾਡੇ ਲੱਖਾਂ ਦੇਸ਼ ਵਾਸੀਆਂ ਦੀ ਰੋਜ਼ੀ ਰੋਟੀ ਖਤਮ ਹੋ ਰਹੀ ਹੈ। ਇਸ ਡੋਰ ਦੀ ਵਰਤੋਂ ਨਾਲ ਸਿਰਫ ਅਹਿਮਦਾਬਾਦ ਸ਼ਹਿਰ ਵਿੱਚ ਸਾਲ 2015 ਵਿੱਚ 76 ਐਕਸੀਡੈਂਟ, 21 ਗਲੇ ਵਿੱਚ ਫੰਦਾ ਸਮੇਤ 2789 ਘਟਨਾਵਾਂ ਦਰਜ਼ ਕੀਤੀਆਂ ਗਈਆਂ ਹਨ। ਇੱਕ ਪ੍ਰਸਿੱਧ ਅੰਗਰੇਜ਼ੀ ਅਖਬਾਰ ਦੀ ਰਿਪੋਰਟ ਦੇ ਮੁਤਾਬਿਕ 20 ਦੁਰਲਭ ਜਾਤੀ ਵਾਲੇ ਪੰਛੀ ਸਭ ਤੋਂ ਵੱਧ ਸ਼ਿਕਾਰ ਹੋਏ ਅਤੇ ਉਨ੍ਹਾਂ ਦੀ ਹੋਂਦ ਨੂੰ ਅੱਜ ਖਤਮ ਹੋਣ ਦਾ ਖਤਰਾ ਬਣਿਆ ਹੋਇਆ ਹੈ।

**ਪਤੰਗਾਂ ਜ਼ਰੂਰ ਉਡਾਓ – ਪਰ ਸਾਵਧਾਨੀਆਂ ਵੀ ਅਪਣਾਓ :** ਦੇਰ ਰਾਤ ਤੱਕ ਪਤੰਗ ਨਾ ਉਡਾਉ, ਕਿਉਂਕਿ ਆਪਣੇ ਘਰਾਂ ਨੂੰ ਪਰਤ ਰਹੇ ਪੰਛੀ ਹਨ੍ਹੇਰੇ ਕਾਰਨ ਇਸ ਡੋਰ ਵਿੱਚ ਫਸ ਕੇ ਜਖਮੀ ਹੋ ਜਾਂਦੇ ਹਨ। ਪਤੰਗ ਦਰੱਖਤ ਜਾਂ ਬਿਜਲੀ ਦੀਆਂ ਤਾਰਾਂ ਕੋਲ ਨਾ ਉਡਾਉ, ਕਿਉਂਕਿ ਦਰੱਖਤ ਜਾਂ ਤਾਰਾਂ ਵਿੱਚ ਫਸੀ ਡੋਰ ਪੰਛੀਆਂ ਅਤੇ ਰਾਹਗਿਰੀਆਂ ਨੂੰ ਨੁਕਸਾਨ ਪਹੁੰਚਾਉਂਦੀ ਹੈ।

**ਉਲੰਘਣਾ ਹੋਵੇ ਤਾਂ ਕੀ ਸਜਾ ਹੈ?** ਇਸ ਖਤਰਨਾਕ ਡੋਰ ਦੇ ਵੇਚਣ ਅਤੇ ਖਰੀਦਣ ਵਾਲੇ ਤੇ ਵਾਤਾਵਰਣ (ਪ੍ਰੋਟੈਕਸ਼ਨ) ਐਕਟ ਦੀ ਧਾਰਾ 5 ਦੇ ਅਨੁਸਾਰ 5 ਸਾਲ ਦੀ ਕੈਦ ਅਤੇ 1 ਲੱਖ ਰੁਪਏ ਤੱਕ ਜ਼ੁਰਮਾਨਾ ਵੀ ਹੋ ਸਕਦਾ ਹੈ।

**ਕੀ ਹੈ ਸਾਡਾ ਫਰਜ਼?** ਜੇ ਕਿਤੇ ਵੀ ਡੋਰ ਫਸੀ ਹੋਈ ਮਿਲੇ ਤਾਂ ਉਸ ਨੂੰ ਇੱਕਠਾ ਕਰਕੇ ਸਾੜ ਦਿਉ, ਤਾਂ ਕਿ ਜਾਨੀ ਨੁਕਸਾਨ ਹੋਣ ਤੋਂ ਬਚਿਆ ਜਾ ਸਕੇ। ਭਾਵੇਂ ਅਸੀਂ ਪਤੰਗਾਂ ਨਾ ਵੀ ਉਡਾਈਏ ਪਰ ਦੂਜਿਆਂ ਨੂੰ ਇਸ ਡੋਰ ਦੇ ਨੁਕਸਾਨ ਬਾਰੇ ਜ਼ਰੂਰ ਸੁਚੇਤ ਕਰੀਏ।

**ਦੋਸ਼ੀ ਕੌਣ?** ਕੁੱਝ ਸਮਝਦਾਰ ਮਾਤਾ ਪਿਤਾ ਆਪਣੇ ਬੱਚੇ ਨੂੰ ਸਮਝਾਉਣਾ ਤਾਂ ਕੀ ਸਗੋਂ ਬੱਚੇ ਦੀ ਜ਼ਿੱਦ ਅੱਗੇ ਝੁਕ ਕੇ, ਬੱਚੇ ਲਈ ਦੁਕਾਨਦਾਰ ਤੋਂ ਇਸ ਡੋਰ ਦੀ ਮੰਗ ਕਰਦੇ ਹਨ ਜੋ ਕਿ ਬਹੁਤ ਸ਼ਰਮਨਾਕ ਅਤੇ ਅਫਸੋਸਨਾਕ ਗੱਲ ਹੈ।

ਅਖੀਰ ਇਹੀ ਕਿਹਾ ਜਾ ਸਕਦਾ ਹੈ ਕਿ ਅਸੀਂ ਖੁਦ ਆਪਣੀ ਨੀਂਦ ਵਿਚੋਂ ਜਾਗੀਏ, ਕਿਉਂ ਕਿਸੇ ਤੇ ਆਸ ਲਗਾ ਕੇ ਬੈਠੇ ਹਾਂ, ਖੁਦ ਹੰਭਲਾ ਮਾਰੀਏ ਤੇ ਇਸ ਖ਼ੂਨੀ ਡੋਰ ਦੀ ਵਰਤੋਂ ਤੋਂ ਤੋਬਾ ਕਰੀਏ ਅਤੇ ਮਿਲ ਜੁਲ ਕੇ ਇਸ ਛੋਟੇ ਜਿਹੇ ਬੇਸ਼ਕੀਮਤੀ ਸੰਦੇਸ਼ ਨੂੰ ਘਰ ਘਰ ਪਹੁੰਚਾਈਏ ਤਾਂ ਕਿ ਕੋਈ ਵੀ ਸਾਡਾ ਨਜ਼ਦੀਕੀ ਇਸ ਘਟਨਾ ਦਾ ਸ਼ਿਕਾਰ ਨਾ ਹੋ ਸਕੇ।

## ਸਾਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ

1) ਡਾਲਰ
2) ਲਤਾ ਮੰਗੇਸ਼ਕਰ
3) ਵਿਲੀਅਮ ਸ਼ੈਕਸਪੀਅਰ
4) ਮੋਰ
5) ਬਿਹਾਰ
6) ਚਾਰ
7) ਦਾਮੋਦਰ
8) ਲੈਕਟੋਮੀਟਰ
9) ਸ਼ੋਏਬ ਅਖਤਰ
10) ਅਕਤੂਬਰ
11) ਰਵਿੰਦਰ ਨਾਥ ਟੈਗੋਰ
12) ਬਾਬਰ
13) ਸੰਤੂਰ
14) ਉਦਯਪੁਰ
15) ਹਰਿਦੁਆਰ

ਬਾਲ ਕਵਿਤਾ: ਮਦਨ ਰਾਣਾ

# ਲੁੱਕਣ ਮਿੱਚੀ ਖੇਡੇ ਠੰਢ

ਵਿਦਾ ਪਾਲੇ ਨੂੰ ਕਰਦੀ ਕਿੰਨੀ ਨਰਮੀ ਦੇ ਨਾਲ।
ਲੁੱਕਣ ਮਿੱਚੀ ਖੇਡੇ ਠੰਢ ਹੁਣ ਗਰਮੀ ਦੇ ਨਾਲ।

ਗਰਮੀ ਜਿਉਂ ਜਿਉਂ ਘੁੰਘਟ ਆਪਣਾ ਖੋਲ ਰਹੀ ਏ,
ਸਰਦੀ ਬਿਸਤਰ ਆਪਣਾ ਕਰ ਗੋਲ ਰਹੀ ਏ,
ਕਰ ਸਮਝੌਤਾ ਆਵਣ ਬਾਬਲ ਧਰਮੀ ਦੇ ਨਾਲ,
ਲੁੱਕਣ ਮਿੱਚੀ ਖੇਡੇ ਠੰਢ ਹੁਣ ਗਰਮੀ ਦੇ ਨਾਲ ...

ਮੇਲ ਰੋਜਾਨਾ ਹੁੰਦਾ ਹੱਸਦੀਆਂ ਆਵਣ-ਜਾਵਣ,
ਅਵਾ-ਤਵਾ ਕੋਈ ਬੋਲੇ ਮੱਥੇ ਵੱਟ ਨਾ ਪਾਵਣ,
ਔਖੇ ਵੇਲੇ ਸੋਹਣੇ ਚੰਗੀ ਕਰਨੀ ਦੇ ਨਾਲ,
ਲੁੱਕਣ ਮਿੱਚੀ ਖੇਡੇ ਠੰਢ ਹੁਣ ਗਰਮੀ ਦੇ ਨਾਲ ...

ਬੱਦਲ-ਬਾਈ ਹੋਜੇ ਫਿਰ ਵੀ ਚਾਲ ਨਿਰਾਲੀ,
ਬਾਰਿਸ਼ ਹੋਜੇ ਫਿਰ ਵੀ ਰੁਸਦੀ ਨਾ ਮੱਤਵਾਲੀ,
ਇਹ ਵੇਲਾ ਨਾ ਕੱਟਣ ਕਦੀ ਬੇਸ਼ਰਮੀ ਦੇ ਨਾਲ,
ਲੁੱਕਣ ਮਿੱਚੀ ਖੇਡੇ ਠੰਢ ਹੁਣ ਗਰਮੀ ਦੇ ਨਾਲ ...

ਹੱਸ ਕੇ ਬੀਤੇ ਉਹ ਵੇਲਾ ਭਾਗਾਂ ਭਰਿਆ,
ਕਦੇ ਆਕੜਾਂ ਨਾਲ ਕਿਸੇ ਦਾ ਢਿੱਡ ਨਾ ਭਰਿਆ,
ਸੱਪ ਕਦੀ ਨਾ ਮਰਦਾ ਟੁੱਟੀ ਬਰਸ਼ੀ ਦੇ ਨਾਲ,
ਲੁੱਕਣ ਮਿੱਚੀ ਖੇਡੇ ਠੰਢ ਹੁਣ ਗਰਮੀ ਦੇ ਨਾਲ ...






- ਸਭ ਤੋਂ ਛੋਟਾ ਮਹਾਂਦੀਪ ਆਸਟ੍ਰੇਲੀਆ ਹੈ।
- ਸਭ ਤੋਂ ਵੱਡਾ ਮਹਾਂਦੀਪ ਏਸ਼ੀਆ ਹੈ।
- ਸਭ ਤੋਂ ਵੱਡਾ ਮਹਾਕਾਵਿ ਮਹਾਂਭਾਰਤ ਹੈ।
- ਵਿਸ਼ਵ ਦੀ ਸਭ ਤੋਂ ਵੱਡੀ ਨਹਿਰ ਸਵੇਜ ਨਹਿਰ ਹੈ।
- ਪੜ੍ਹਨ ਅਤੇ ਬੋਲਣ ਨਾਲ ਬੱਚਿਆਂ ਦਾ ਦਿਮਾਗੀ ਵਿਕਾਸ ਜ਼ਿਆਦਾ ਹੁੰਦਾ ਹੈ।
- ਐਟਲਸ ਪਰਬਤਾਂ ਦੀ ਲੜੀ ਅਫਰੀਕਾ ਦੇ ਉਤਰੀ ਪੱਛਮੀ ਖੇਤਰ ਵਿੱਚ ਸਥਿਤ ਹੈ। ਇਹ, ਅਲਜੀਰੀਆ ਅਤੇ ਟਿਊਨੀਸ਼ੀਆ ਸਹਿਤ ਰਾਕ ਆਫ ਜਿਬਰਾਲਟਰ ਤਕ ਫੈਲੀ ਹੋਈ ਹੈ। ਇਸ ਦੀ ਲੰਬਾਈ 2500 ਕਿਲੋਮੀਟਰ ਹੈ।
- ਸਾਡੀ ਸੰਸਕ੍ਰਿਤ ਭਾਸ਼ਾ ਸਾਰੀਆਂ ਭਾਸ਼ਾਵਾਂ ਦੀ ਜਣਨੀ ਮੰਨੀ ਜਾਂਦੀ ਹੈ। ਸਾਰੀਆਂ ਯੂਰਪੀ ਭਾਸ਼ਾਵਾਂ ਸੰਸਕ੍ਰਿਤ ਤੇ ਆਧਾਰਿਤ ਮੰਨੀਆਂ ਜਾਂਦੀਆਂ ਹਨ।
- ਉਤਰੀ ਗੋਲਾਕਾਰ ਵਿੱਚ ਪਾਏ ਜਾਣ ਵਾਲੇ ਮਰਮੋਟ ਨਾਮਕ ਜੀਵ ਆਪਣੀ ਨੀਂਦ ਦੇ ਦੌਰਾਨ ਆਪਣੇ ਸਰੀਰ ਦਾ ਤਾਪਮਾਨ 39 ਡਿਗਰੀ ਸੈਂਟੀਗ੍ਰੇਡ ਤੋਂ ਘਟਾ ਕੇ 7 ਡਿਗਰੀ ਸੈਂਟੀਗ੍ਰੇਡ ਕਰ ਲੈਂਦੇ ਹਨ। ਇਹਨਾਂ ਦੀ ਹਿਰਦੇ ਗਤੀ 100 ਵਾਰ ਪ੍ਰਤੀ ਮਿੰਟ ਦੀ ਬਜਾਏ 2 ਅਤੇ 3 ਵਾਰ ਪ੍ਰਤੀ ਮਿੰਟ ਰਹਿ ਜਾਂਦੀ ਹੈ।
- ਭਾਰਤ ਨੇ ਜੀਰੋ ਦੀ ਖੋਜ ਕੀਤੀ। ਅੰਕਗਣਿਤ ਦੀ ਕਾਢ ਭਾਰਤ ਵਿੱਚ ਹੋਈ ਸੀ।
- ਦੱਖਣੀ ਅਫਰੀਕਾ ਦੇ ਘਣੇ ਜੰਗਲਾਂ ਵਿੱਚ ਨਰਭਖਸ਼ੀ ਰੁੱਖ ਪਾਇਆ ਜਾਂਦਾ ਹੈ। ਜੇਕਰ ਕੋਈ ਯਾਤਰੀ ਉਸ ਦੇ ਹੇਠੋਂ ਗੁਜਰਦਾ ਹੈ ਤਾਂ ਰੁੱਖ ਦੀਆਂ ਟਹਿਣੀਆਂ ਹੇਠਾਂ ਝੁਕ ਕੇ ਉਸ ਨੂੰ ਫੜ ਕੇ ਚੁੱਕ ਲੈਂਦੀਆਂ ਹਨ ਅਤੇ ਕੇਵਲ ਮਾਨਵ ਦੀਆਂ ਹੱਡੀਆਂ ਹੀ ਬਾਕੀ ਰਹਿ ਜਾਂਦੀਆਂ ਹਨ।
- ਸਮੁੰਦਰ ਜਾਂ ਕਿਸੇ ਨਦੀ ਦੇ ਕਿਨਾਰੇ ਆਸ-ਪਾਸ ਘੁੰਮਣ ਵਾਲੇ ਵਿਹੀਪਿੰਗ ਕ੍ਰੇਨ (ਰਾਜਹੰਸ) ਇੱਕ ਅਜਿਹਾ ਪੰਛੀ ਹੈ, ਜਿਸ ਦੀ ਆਵਾਜ਼ ਤਿੰਨ ਮੀਲ ਤੱਕ ਸੁਣੀ ਜਾ ਸਕਦੀ ਹੈ।
- ਭਾਰਤ ਦੁਨੀਆ ਦਾ ਸਭ ਤੋਂ ਪੁਰਾਤਨ ਅਤੇ ਸਭ ਤੋਂ ਵੱਡਾ ਲੋਕਤੰਤਰ ਹੈ।
- ਭਾਰਤੀ ਸੰਸਕ੍ਰਿਤੀ ਅਤੇ ਸਭਿਅਤਾ ਵਿਸ਼ਵ ਦੀ ਸਭ ਤੋਂ ਪੁਰਾਤਨ ਸੰਸਕ੍ਰਿਤੀ ਹੈ।
- ਸਰੀਰਕ ਤੌਰ ਤੇ ਸੂਰਾਂ ਲਈ ਆਕਾਸ਼ ਵੱਲ ਵੇਖ ਸਕਣਾ ਅਸੰਭਵ ਹੈ।
- ਰਾਤ ਨੂੰ ਸਿਤਾਰਿਆਂ ਰਾਹੀਂ ਬਣਾਈ ਗਈ ਆਕ੍ਰਿਤੀ ਕਦੇ ਨਹੀਂ ਬਦਲਦੀ। ਇਹਨਾਂ ਆਕ੍ਰਿਤੀਆਂ ਨੂੰ ਤਾਰਾਮੰਡਲ ਕਹਿੰਦੇ ਹਨ।

ਸੰਗ੍ਰਹਿ ਕਰਤਾ : ਜਗਤਾਰ 'ਚਮਨ'



*ਕਹਾਣੀ: ਡਾ: ਰਾਜੀਵ ਗੁਪਤਾ*

# ਪਾਇਲਟ ਬਣਾਂਗਾਂ

ਜਦ ਵੀ ਅੰਕਿਤ ਤੋਂ ਕੋਈ ਪੁੱਛਦਾ ਕਿ ਉਹ ਵੱਡਾ ਹੋ ਕੇ ਕੀ ਬਣੇਗਾ ਤਾਂ ਉਹ ਕੋਈ ਨਿਸ਼ਚਿਤ ਜਵਾਬ ਨਹੀਂ ਦਿੰਦਾ। ਕਦੇ ਉਹ ਕਹਿੰਦਾ ਕਿ ਇੰਜੀਨੀਅਰ ਬਣਾਗਾ ਤਾਂ ਕਦੇ ਡਾਕਟਰ।

ਦਰਅਸਲ ਉਸ ਨੂੰ ਵੀ ਠੀਕ ਤਰ੍ਹਾਂ ਨਹੀਂ ਪਤਾ ਸੀ ਕਿ ਉਹ ਕੀ ਬਣਨਾ ਚਾਹੁੰਦਾ ਹੈ? ਉਹ ਅਜੇ ਛੋਟਾ ਹੀ ਤਾਂ ਸੀ, ਕੇਵਲ 11 ਸਾਲ ਦਾ। ਉਹ ਛੇਵੀਂ ਜਮਾਤ ਵਿੱਚ ਪੜ੍ਹਦਾ ਸੀ।

ਇੱਕ ਦਿਨ ਜਦ ਉਹ ਸਕੂਲ ਤੋਂ ਵਾਪਸ ਆਇਆ ਤਾਂ ਉਸ ਨੇ ਆਪਣੇ ਮੰਮੀ-ਪਾਪਾ ਨੂੰ ਬਹੁਤ ਖੁਸ਼ ਵੇਖਿਆ।

– ਕੀ ਗੱਲ ਹੈ, ਮੰਮੀ? ਤੁਸੀਂ ਜੋਰ-ਜੋਰ ਨਾਲ ਹੱਸ ਰਹੇ ਹੋ। -ਉਸ ਨੇ ਮੰਮੀ ਨੂੰ ਪੁੱਛਿਆ।

– ਹਾਂ ਬੇਟੇ, ਅਸੀਂ ਲੋਕ ਅਗਲੇ ਮਹੀਨੇ ਅਮਰੀਕਾ ਜਾ ਰਹੇ ਹਾਂ। ਤੇਰੇ ਲੋਕੇਸ਼ ਭਰਾ ਦੀ ਸ਼ਾਦੀ ਹੈ।

ਸੁਣ ਕੇ ਉਹ ਵੀ ਖੁਸ਼ੀ ਨਾਲ ਉਛਲ ਪਿਆ। ਲੋਕੇਸ਼ ਉਸ ਦੇ ਤਾਏ ਦੇ ਲੜਕੇ ਦਾ ਨਾਂ ਸੀ। ਉਸ ਦੇ ਤਾਇਆ ਜੀ ਅਮਰੀਕਾ ਵਿੱਚ ਰਹਿੰਦੇ ਸਨ। ਉਹ ਉਥੇ ਕਿਸੇ ਸੰਸਥਾ ਵਿੱਚ ਵਿਗਿਆਨਕ ਸਨ।

ਪਾਪਾ ਉਸੇ ਦਿਨ ਤੋਂ ਪਾਸਪੋਰਟ ਅਤੇ ਵੀਜਾ ਬਣਵਾਉਣ ਵਿੱਚ ਜੁੱਟ ਗਏ।

– ਪਾਪਾ, ਇਹ ਪਾਸਪੋਰਟ ਅਤੇ ਵੀਜਾ ਕੀ ਹੁੰਦਾ ਹੈ? – ਇੱਕ ਦਿਨ ਅੰਕਿਤ ਨੇ ਪੁੱਛਿਆ।

– ਬੇਟਾ, ਇਹ ਕਿਸੇ ਦੂਸਰੇ ਦੇਸ਼ ਵਿੱਚ ਘੁੰਮਣ ਦਾ ਆਗਿਆ-ਪੱਤਰ ਹੁੰਦਾ ਹੈ ਜਿਸ ਨਾਲ ਕਿ ਕੋਈ ਵੀ ਗਲਤ ਆਦਮੀ ਵਿਦੇਸ਼ ਨਾ ਪਹੁੰਚ ਜਾਏ। ਇਹ ਵਿਦੇਸ਼ ਜਾਣ ਵਾਲੇ ਵਿਅਕਤੀ ਦੀ ਚੰਗੀ ਤਰ੍ਹਾਂ ਜਾਂਚ-ਪੜਤਾਲ ਦੇ ਬਾਦ ਹੀ ਬਣਦਾ ਹੈ।

ਆਖਿਰ ਉਹ ਦਿਨ ਵੀ ਆ ਗਿਆ ਜਦ ਅੰਕਿਤ ਆਪਣੇ ਮੰਮੀ-ਪਾਪਾ ਦੇ ਨਾਲ ਹਵਾਈਜਹਾਜ ਵਿੱਚ ਬੈਠਾ। ਉਹ ਬਹੁਤ ਖੁਸ਼ ਸੀ।

– ਪਾਪਾ, ਐਨਾ ਵੱਡਾ ਹਵਾਈਜਹਾਜ ਹਵਾ ਵਿੱਚ ਉਡਦਾ ਕਿਵੇਂ ਹੈ? – ਹਵਾਈਜਹਾਜ ਨੂੰ ਹੈਰਾਨੀ ਨਾਲ ਵੇਖਦੇ ਹੋਏ ਉਸ ਨੇ ਪੁੱਛਿਆ।


– ਬੇਟਾ ਇਸ ਦੇ ਉਡਣ ਵਿੱਚ ਇੱਕ ਖਾਸ ਨਿਯਮ ਕੰਮ ਕਰਦਾ ਹੈ। ਜਦ ਅਸੀਂ ਪਾਣੀ ਜਾਂ ਹਵਾ ਨੂੰ ਹੇਠਾਂ ਵੱਲ ਧੱਕਾ ਦਿੰਦੇ ਹਾਂ ਤਾਂ ਉਹ ਵੀ ਸਾਨੂੰ ਉਪਰ ਵੱਲ ਧੱਕਦਾ ਹੈ। ਜਦ ਹਵਾਈਜਹਾਜ ਦਾ ਪੱਖਾ ਹਵਾ ਨੂੰ ਬੜੇ ਜ਼ੋਰ ਨਾਲ ਹੇਠਾਂ ਵੱਲ ਸੁੱਟਦਾ ਹੈ, ਤਾਂ ਹਵਾ ਵੀ ਉਸ ਨੂੰ ਉਪਰ ਵੱਲ ਧੱਕਾ ਲਗਾਉਂਦੀ ਹੈ। ਇਸ ਤਰ੍ਹਾਂ ਜਦ ਹਵਾਈਜਹਾਜ ਉਪਰ ਵੱਲ ਉਠਦਾ ਹੈ ਤਾਂ ਇਸ ਦੇ ਵੱਡੇ-ਵੱਡੇ ਖੰਭ ਇਸ ਨੂੰ ਹਵਾ ਵਿੱਚ ਸੰਭਾਲਣ ਦਾ ਕੰਮ ਕਰਦੇ ਹਨ। ਇਸ ਵਿੱਚ ਲੱਗਾ ਇੰਜਣ ਇਸ ਨੂੰ ਅੱਗੇ ਵਧਾਉਣ ਵਿੱਚ ਮਦਦ ਕਰਦਾ ਹੈ। ਇਸ ਤਰ੍ਹਾਂ ਹਵਾਈਜਹਾਜ ਆਕਾਸ਼ ਵਿੱਚ ਤੇਜ਼ੀ ਨਾਲ ਉਡਣ ਲੱਗਦਾ ਹੈ। – ਅੰਕਿਤ ਦੇ ਪਾਪਾ ਨੇ ਦੱਸਿਆ।

ਇਸੇ ਦੌਰਾਨ ਏਅਰ ਹੋਸਟਸ ਮੁਸਕਰਾਉਂਦੇ ਹੋਏ ਉਹਨਾਂ ਦੇ ਕੋਲ ਆਈ ਅਤੇ ਯਾਤਰੀਆਂ ਨੂੰ ਆਪਣੀ-ਆਪਣੀ ਕਮਰ ਬੈਲਟ ਬੰਨਣ ਲਈ ਕਹਿਣ ਲੱਗੀ ਕਿਉਂਕਿ ਹੁਣ ਹਵਾਈਜਹਾਜ ਉਡਾਨ ਭਰਨ ਵਾਲਾ ਸੀ।

– ਪਾਪਾ, ਇਹ ਬੈਲਟ ਬੰਨਣ ਦਾ ਕੀ ਫਾਇਦਾ ਹੈ? – ਬੈਲਟ ਕੱਸਦੇ ਹੋਏ ਅੰਕਿਤ ਬੋਲਿਆ।

– ਇਸ ਨਾਲ ਜਹਾਜ ਦੇ ਉਡਦੇ ਸਮੇਂ ਸਾਨੂੰ ਝਟਕਾ ਨਹੀਂ ਲੱਗਦਾ ਹੈ, ਵਰਨਾ ਅਸੀਂ ਡਿਗ ਵੀ ਸਕਦੇ ਹਾਂ।

– ਤਾਂ ਕੀ ਇਹ ਬੈਲਟ ਸਾਨੂੰ ਸਾਰੇ ਸਫਰ ਵਿੱਚ ਬੰਨਣੀ ਪਏਗੀ?



– ਨਹੀਂ, ਕੇਵਲ ਹਵਾਈਜਹਾਜ ਦੇ ਉਪਰ ਉਠਦੇ ਅਤੇ ਹੇਠਾਂ ਉਤਰਦੇ ਸਮੇਂ। ਜਦ ਹਵਾਈਜਹਾਜ ਉਪਰ ਉਡ ਰਿਹਾ ਹੋਵੇ ਤਦ ਅਸੀਂ ਇਸ ਨੂੰ ਖੋਲ੍ਹ ਸਕਦੇ ਹਾਂ।

ਪਾਪਾ ਇਸ ਹਵਾਈਜਹਾਜ ਨੂੰ ਚਲਾਉਣ ਵਾਲਾ ਡਰਾਇਵਰ ਨਹੀਂ ਦਿਸ ਰਿਹਾ। – ਅੰਕਿਤ ਨੇ ਇਧਰ-ਉਧਰ ਵੇਖਦੇ ਹੋਏ ਕਿਹਾ।

– ਬੇਟਾ, ਉਹ ਅਗੇ ਬਣੇ ਕੇਬਿਨ ਵਿੱਚ ਬੈਠਾ ਹੈ। ਉਸ ਦੇ ਬੈਠਣ ਦੇ ਸਥਾਨ ਨੂੰ ਕਾਕਪਿਟ ਕਹਿੰਦੇ ਹਨ ਅਤੇ ਹਵਾਈਜਹਾਜ ਉਡਾਉਣ ਵਾਲੇ ਡ੍ਰਾਇਵਰ ਨੂੰ ਪਾਇਲਟ ਕਹਿੰਦੇ ਹਨ। ਕਾਕਪਿਟ ਵਿੱਚ ਅਨੇਕ ਤਰ੍ਹਾਂ ਦੇ ਯੰਤਰ ਲਗੇ ਰਹਿੰਦੇ ਹਨ। ਜਿਸ ਨਾਲ ਪਾਇਲਟ ਆਪਣੇ ਹਵਾਈਜਹਾਜ ਨੂੰ ਕਾਬੂ ਵਿੱਚ ਰੱਖਦਾ ਹੈ। – ਅੰਕਿਤ ਦੇ ਪਾਪਾ ਨੇ ਉਸ ਨੂੰ ਸਮਝਾਇਆ।

– ਪਾਪਾ, ਜੇਕਰ ਉੜਾਨ ਭਰਨ ਦੇ ਬਾਦ ਹਵਾਈਜਹਾਜ ਵਿੱਚ ਕੋਈ ਖਰਾਬੀ ਆ ਜਾਏ ਤਦ ਪਾਇਲਟ ਕੀ ਕਰਦਾ ਹੈ?

– ਬੇਟਾ ਅਜਿਹਾ ਘੱਟ ਹੀ ਹੁੰਦਾ ਹੈ ਕਿਉਂਕਿ ਉੜਾਨ ਭਰਨ ਤੋਂ ਪਹਿਲਾਂ ਹਵਾਈਜਹਾਜ ਨੂੰ ਪੂਰੀ ਤਰ੍ਹਾਂ ਨਾਲ ਚੈਕ ਕੀਤਾ ਜਾਂਦਾ ਹੈ। ਫਿਰ ਵੀ ਜੇਕਰ ਉੜਾਨ ਭਰਨ ਦੇ ਬਾਦ ਹਵਾਈਜਹਾਜ ਵਿਚ ਕੋਈ ਖਰਾਬੀ ਆ ਜਾਂਦੀ ਹੈ ਤਾਂ ਪਾਇਲਟ ਉਸ ਨੂੰ ਸਾਵਧਾਨੀਪੂਰਵਕ ਕਿਸੇ ਸੁਰੱਖਿਅਤ ਸਥਾਨ ਤੇ ਉਤਾਰਨ ਦੀ ਕੋਸ਼ਿਸ਼ ਕਰਦਾ ਹੈ।

– ਅੱਛਾ ਪਾਪਾ, ਜੇਕਰ ਮੈਂ ਵੱਡਾ ਹੋ ਕੇ ਪਾਇਲਟ ਬਣਾ ਤਾਂ ਕਿਵੇਂ ਰਹੇਗਾ? – ਕੁੱਝ ਸੋਚਦੇ ਹੋਏ ਅੰਕਿਤ ਨੇ ਕਿਹਾ।

ਹਾਂ ਬਹੁਤ ਚੰਗਾ ਰਹੇਗਾ। ਪ੍ਰੰਤੂ ਇਸ ਦੇ ਲਈ ਤੈਨੂੰ ਸਖਤ ਮਿਹਨਤ ਕਰਨੀ ਪਏਗੀ। – ਉਸ ਦੇ ਪਾਪਾ ਨੇ ਕਿਹਾ।

– ਨਾਲ ਹੀ ਉਸ ਦੀ ਮੰਮੀ ਅਤੇ ਏਅਰਹੋਸਟਸ ਵੀ ਮੁਸਕਰਾ ਰਹੀ ਸੀ। ਉਹ ਉਹਨਾਂ ਨੂੰ ਕੋਲਡ ਡਰਿੰਕ ਸਰਵ ਕਰਨ ਆਈ ਸੀ।

ਲੇਖ: ਰਾਹੁਲ ਸ਼ਰਮਾ

# ਦੇਸ਼-ਵਿਦੇਸ਼ ਦੇ ਅਨੋਖੇ ਰੁੱਖ

ਦੇਸ਼-ਵਿਦੇਸ਼ ਦੇ ਅਜਿਹੇ ਅਨੋਖੇ ਰੁੱਖ ਮਿਲਦੇ ਹਨ ਜਿਹਨਾਂ ਨੂੰ ਵੇਖ ਕੇ ਜਾਦੂਈ ਰੁੱਖਾਂ ਦੀ ਕਲਪਨਾ ਸਾਕਾਰ ਹੋਣ ਲੱਗਦੀ ਹੈ। ਤਿਲਿਸਮੀ ਕਹਾਣੀਆਂ ਵਿੱਚ ਚੱਲਣ-ਫਿਰਨ ਵਾਲੇ, ਜ਼ਹਿਰੀਲੀਆਂ ਗੈਸਾਂ ਛੱਡਣ ਵਾਲੇ, ਲੋਕਾਂ ਦਾ ਖ਼ੂਨ ਚੂਸਣ ਵਾਲੇ ਰੁੱਖਾਂ ਦੀਆਂ ਗੱਲਾਂ ਪੜਦੇ ਹਾਂ। ਲੇਕਿਨ ਆਸਟ੍ਰੇਲੀਆ ਵਿੱਚ ਸਚਮੁੱਚ ਅਜਿਹੇ ਰੁੱਖ ਹੁੰਦੇ ਹਨ ਜੋ ਉਪਰ ਤੋਂ ਝੁਕ ਕੇ, ਆਦਮੀ ਦੇ ਸਰੀਰ ਵਿੱਚ ਆਪਣੇ ਕੰਡੇ ਚੁਭੋ ਕੇ ਸਾਰਾ ਖ਼ੂਨ ਚੂਸ ਲੈਂਦੇ ਹਨ। ਆਸਟ੍ਰੇਲੀਆ ਵਿੱਚ ਅਜਿਹੇ ਰੁੱਖਾਂ ਨੂੰ 'ਚੁੰਬਕ ਰੁੱਖ' ਕਿਹਾ ਜਾਂਦਾ ਹੈ। ਅਜਿਹੇ ਰੁੱਖਾਂ ਨੂੰ ਪਛਾਣ ਕੇ ਲੋਕ ਇਹਨਾਂ ਤੋਂ ਦੂਰ ਹੋ ਕੇ ਗੁਜਰਦੇ ਹਨ ਲੇਕਿਨ ਕੋਈ ਨਾ ਕੋਈ ਜਾਨਵਰ ਉਹਨਾਂ ਰੁੱਖਾਂ ਦਾ ਸ਼ਿਕਾਰ ਹੋ ਜਾਂਦਾ ਹੈ।


ਉਤੱਰੀ ਅਮਰੀਕਾ ਵਿੱਚ 'ਕਾਊ ਟ੍ਰੀ' ਨਾਮਕ ਇੱਕ ਅਜਿਹਾ ਰੁੱਖ ਹੈ ਜਿਸ ਦੀਆਂ ਜੜਾਂ ਤੋਂ ਦੁੱਧ ਕੱਢਿਆ ਜਾਂਦਾ ਹੈ। ਇਹ ਦੁੱਧ ਬਹੁਤ ਗੁਣਕਾਰੀ ਹੁੰਦਾ ਹੈ ਅਤੇ ਗਾਂ ਦੇ ਦੁੱਧ ਨਾਲ ਬਹੁਤ ਮਿਲਦਾ-ਜੁਲਦਾ ਹੈ। ਇਹੀ ਨਹੀਂ ਇਸ ਰੁੱਖ ਦੀ ਛਾਲ ਨੂੰ ਤਵੇ ਤੇ ਗਰਮ ਕੀਤਾ ਜਾਏ ਤਾਂ ਰੋਟੀ ਦੀ ਤਰ੍ਹਾਂ ਫੁੱਲ ਜਾਂਦੀ ਹੈ।

ਜਾਵਾ ਦੇ ਜੰਗਲਾਂ ਵਿੱਚ ਅਜਿਹੇ ਕੰਟੀਲੇ ਰੁੱਖ ਮਿਲਦੇ ਹਨ ਜਿਹਨਾਂ ਤੋਂ ਚਿਕਨਾ ਦ੍ਰਵ ਨਿਕਲਦਾ ਹੈ ਜੋ ਬਹੁਤ ਭਿਅੰਕਰ ਜ਼ਹਿਰੀਲਾ ਹੁੰਦਾ ਹੈ। ਜੰਗਲਾਂ ਵਿੱਚ ਰਹਿਣ ਵਾਲੇ ਆਦੀਵਾਸੀ ਜੰਗਲੀ ਜਾਨਵਰਾਂ ਤੋਂ ਸੁਰੱਖਿਆ ਲਈ ਬਾਣਾਂ ਤੇ ਇਸ ਜ਼ਹਿਰ ਨੂੰ ਲਗਾ ਕੇ ਜਾਨਵਰਾਂ ਦਾ ਸ਼ਿਕਾਰ ਕਰਦੇ ਹਨ। ਦੱਖਣੀ ਅਮਰੀਕਾ ਦੇ ਮੈਰੀ ਪ੍ਰਦੇਸ਼ ਵਿੱਚ ਅਜਿਹੇ ਰੁੱਖ ਹੁੰਦੇ ਹਨ ਜਿਹਨਾਂ ਦੇ ਹੇਠਾਂ ਜ਼ਮੀਨ ਤੇ ਖ਼ੂਬ ਪਾਣੀ ਭਰਿਆ ਰਹਿੰਦਾ ਹੈ। ਇੰਝ ਲੱਗਦਾ ਹੈ ਕਿ ਰਾਤ ਨੂੰ ਖ਼ੂਬ ਬਾਰਿਸ਼ ਹੋਈ ਹੈ। ਜਦਕਿ ਉਥੇ ਮਹੀਨਿਆਂ ਤੋਂ ਵਰਖਾ ਨਹੀਂ ਹੁੰਦੀ ਹੈ। ਰਾਤ ਨੂੰ ਰੁੱਖਾਂ ਤੋਂ ਪਾਣੀ ਟਪਕਦਾ ਹੈ ਅਤੇ ਵਰਖਾ ਦਾ ਅਹਿਸਾਸ ਹੁੰਦਾ ਹੈ। ਵਿਗਿਆਨਕਾਂ ਦੇ ਦੱਸਿਆ ਹੈ ਕਿ ਉਹਨਾਂ ਰੁੱਖਾਂ ਤੇ ਬਹੁਤ ਘਣੇ ਪੱਤੇ ਹੁੰਦੇ ਹਨ। ਉਹਨਾਂ ਪੱਤਿਆਂ ਦੀ ਇੱਕ ਵਿਸ਼ੇਸ਼ਤਾ ਹੁੰਦੀ ਹੈ ਕਿ ਉਹ ਵਾਯੂਮੰਡਲ ਤੋਂ ਬਹੁਤ ਸਾਰਾ ਪਾਣੀ ਇੱਕਠਾ ਕਰਕੇ ਹੇਠਾਂ ਟਪਕਾ ਦਿੰਦੇ ਹਨ ਜਿਸ ਨਾਲ ਰੁੱਖਾਂ ਦੇ ਹੇਠਾਂ ਜ਼ਮੀਨ ਤੇ ਵਰਖਾ ਦਾ ਅਹਿਸਾਸ ਹੁੰਦਾ ਹੈ।

ਅਫਰੀਕਾ ਵਿੱਚ ਮੇਡਾਗਾਸਕਰ ਦੀਪ ਤੇ ਕੇਲੇ ਦੇ ਰੁੱਖਾਂ ਦੀ ਤਰ੍ਹਾਂ ਵੱਡੇ-ਵੱਡੇ ਪੱਤੇ ਵਾਲੇ ਰੁੱਖ ਹੁੰਦੇ ਹਨ। ਇਹਨਾਂ ਰੁੱਖਾਂ ਦੇ ਪੱਤਿਆਂ ਨੂੰ ਹੇਠਾਂ ਤੋਂ ਕੱਟਣ ਤੇ ਪਾਣੀ ਨਿਕਲਦਾ ਹੈ। ਜੰਗਲ ਵਿੱਚ ਘੁੰਮਣ ਵਾਲੇ ਲੋਕ ਇਸ ਰੁੱਖ ਦੇ ਪੱਤਿਆਂ ਨੂੰ ਕੱਟ ਕੇ ਖ਼ੂਬ ਪਾਣੀ ਪੀਂਦੇ ਹਨ। ਪੱਤਿਆਂ ਤੋਂ ਐਨਾ ਪਾਣੀ ਨਿਕਲਦਾ ਹੈ ਕਿ ਤਿੰਨ ਆਦਮੀ ਖ਼ੂਬ ਪਾਣੀ ਪੀ ਸਕਦੇ ਹਨ।

ਆਪਣੇ ਦੇਸ਼ ਦੇ ਹਿਮਾਲਯ ਪਰਬਤ ਤੇ ਅਜਿਹੇ ਰੁੱਖ ਮਿਲ ਜਾਂਦੇ ਹਨ ਜੋ ਰਾਤ ਦੇ ਸਮੇਂ ਰੋਸ਼ਨੀ ਕਰਦੇ ਹਨ। ਪਹਾੜਾਂ ਤੇ ਕੰਮ ਕਰਨ ਵਾਲੇ ਲੋਕ ਇਹਨਾਂ ਰੁੱਖਾਂ ਦੀ ਰੋਸ਼ਨੀ ਦੇ ਸਹਾਰੇ ਆਪਣੀ ਮੰਜ਼ਿਲ ਤਕ ਪਹੁੰਚ ਜਾਂਦੇ ਹਨ। ਰੁੱਖਾਂ ਤੋਂ ਦੂਰ-ਦੂਰ ਤਕ ਰੋਸ਼ਨੀ ਫੈਲ ਜਾਂਦੀ ਹੈ।

ਮਲੇਸ਼ੀਆ ਵਿੱਚ ਅਜਿਹੇ ਰੁੱਖ ਮਿਲਦੇ ਹਨ ਜੋ ਆਪਣੇ ਲਾਗੇ-ਲਾਗੇ ਦੇ ਪੌਦਿਆਂ ਨੂੰ ਖਾ ਜਾਂਦੇ ਹਨ। ਵਿਸ਼ਾਲ ਰੁੱਖ 'ਫਿਨਰਸਬੀ ਜਿਕੋਸਾ' ਲਾਗਲੇ ਪੌਦਿਆਂ ਤੇ ਝੁਕ ਕੇ ਉਹਨਾਂ ਦੀ ਹਰਿਆਲੀ ਚੂਸ ਕੇ ਉਹਨਾਂ ਨੂੰ ਨਸ਼ਟ ਕਰ ਦਿੰਦਾ ਹੈ। ■





ਬਾਲ ਕਹਾਣੀ: ਵਿਪਿਨ ਕੁਮਾਰ

# ਟਿੰਕੂ ਨੂੰ ਸਿਖਿਆ ਮਿਲੀ

ਟਿੰਕੂ ਕਬੂਤਰ ਅਤੇ ਬੰਟੀ ਬਤਖ ਆਪਸ ਵਿੱਚ ਗਵਾਂਢੀ ਸਨ। ਦੋਵਾਂ ਦਾ ਘਰ ਬਿਲਕੁਲ ਨੇੜੇ-ਨੇੜੇ ਸੀ ਟਿੰਕੂ ਕਬੂਤਰ ਨੇ ਇੱਕ ਪੁਰਾਣੇ ਖੰਡਰ ਦੀ ਖਿੜਕੀ ਵਿੱਚ ਆਪਣਾ ਆਲ੍ਹਣਾ ਬਣਾਇਆ ਸੀ। ਜਦ ਕਿ ਬੰਟੀ ਬਤਖ ਆਪਣੇ ਛੋਟੇ ਜਿਹੇ ਦਰਬੇ ਵਿੱਚ ਰਹਿੰਦੀ ਸੀ। ਦੋਵੇਂ ਹਮੇਸ਼ਾਂ ਨਾਲ ਵਾਲੇ ਰੁੱਖ ਦੇ ਹੇਠਾਂ ਮਿਲਦੇ। ਇੱਕ-ਦੂਸਰੇ ਦਾ ਹਾਲਚਾਲ ਪੁੱਛਦੇ। ਇਹ ਸਿਲਸਿਲਾ ਕਈ ਮਹੀਨਿਆਂ ਤੋਂ ਚਲ ਰਿਹਾ ਸੀ।

ਇਧਰ ਕੁੱਝ ਦਿਨਾਂ ਤੋਂ ਬੰਟੀ ਬਤਖ ਨੂੰ ਟਿੰਕੂ ਕਬੂਤਰ ਦੇ ਵਿਵਹਾਰ ਵਿੱਚ ਕੁੱਝ ਅਸਹਿਜਤਾ ਦਿਸਣ ਲੱਗੀ ਸੀ। ਉਸ ਨੂੰ ਲੱਗਦਾ ਕਿ ਟਿੰਕੂ ਹੰਕਾਰ ਭਰੀਆਂ ਗੱਲਾਂ ਕਰਦਾ ਹੈ। ਟਿੰਕੂ ਦੀਆਂ ਗੱਲਾਂ ਸੁਣ ਕੇ ਵੀ ਬੰਟੀ ਕੁੱਝ ਨਹੀਂ ਬੋਲਦੀ। ਇੱਕ ਦਿਨ ਜਦ ਬੰਟੀ ਬਤਖ ਦੁਪਹਿਰ ਨੂੰ ਤੇਜ਼ ਧੁੱਪ ਤੋਂ ਬਚਣ ਲਈ ਪਿੱਪਲ ਦੀ ਛਾਂ ਹੇਠਾਂ ਆਈ ਤਾਂ ਪਹਿਲਾਂ ਤਾਂ ਆਰਾਮ ਕਰ ਰਹੇ ਟਿੰਕੂ ਕਬੂਤਰ ਨੇ ਉਸ ਨੂੰ ਵੇਖਦੇ ਹੀ ਆਪਣਾ ਮੂੰਹ ਫੇਰ ਲਿਆ। ਬੰਟੀ ਰਾਹੀਂ ਇਸ ਦਾ ਕਾਰਣ ਪੁੱਛਣ ਤੇ ਉਹ ਬੜੇ ਘਮੰਡ ਨਾਲ ਬੋਲਿਆ- ਮੈਂ ਤੇਰੇ ਵਰਗਿਆਂ ਨਾਲ ਗੱਲ ਨਹੀਂ ਕਰਨਾ ਚਾਹੁੰਦਾ। ਤੁਹਾਡੀ ਬਤਖਾਂ ਦੀ ਵੀ ਕੋਈ ਜਾਤੀ ਹੁੰਦੀ ਹੈ। ਅਰੇ, ਜੋ ਉਡ ਨਹੀਂ ਸਕਦਾ ਹੈ, ਉਹ ਪੰਛੀ ਕਿਸ ਗੱਲ ਦਾ? ਤੁਸੀਂ ਲੋਕ ਪੰਛੀਆਂ ਦੇ ਨਾਮ ਤੇ ਕਲੰਕ ਹੋ! ਤੁਹਾਡੇ ਖੰਭ ਅਤੇ ਪੈਰ ਕਿੰਨੇ ਭੱਦੇ ਹਨ। ਮੱਛੀ ਡੱਡੂਆਂ ਦੀਆਂ ਤਰ੍ਹਾਂ ਪਾਣੀ ਵਿੱਚ ਤੈਰਨਾ ਵੀ ਕੋਈ ਗੁਣ ਹੈ।

ਐਨਾ ਬੋਲ ਕੇ ਟਿੰਕੂ ਨੇ ਜੋਰਦਾਰ ਠਹਾਕਾ ਲਗਾਇਆ। ਉਸ ਦੇ ਠਹਾਕੇ ਦੀ ਆਵਾਜ਼ ਸੁਣ ਕੇ ਰੁੱਖ ਤੇ ਬੈਠੇ ਕਾਂ, ਮੈਨਾ, ਤੋਤੇ ਅਤੇ ਬਟੇਰ ਵੀ ਹੱਸਣ ਲੱਗੇ। ਸਾਰਿਆਂ ਨੇ ਟਿੰਕੂ ਦੀ ਹਾਂ ਵਿੱਚ ਹਾਂ ਮਿਲਾਈ। ਕੁੱਝ ਪੰਛੀ ਤਾਂ ਮੂੰਹ ਬਣਾ ਕੇ ਬੰਟੀ ਬਤਖ ਨੂੰ ਚਿੜਾਉਣ ਲੱਗੇ। ਉਹਨਾਂ ਦੇ ਇਸ ਤਰ੍ਹਾਂ ਦੇ ਦੁਰਵਿਵਹਾਰ ਨਾਲ ਬੰਟੀ ਬਤਖ ਨੂੰ ਕਾਫੀ ਦੁੱਖ

ਹੋਇਆ ਪਰ ਉਸ ਨੇ ਸਮਝਦਾਰੀ ਤੋਂ ਕੰਮ ਲਿਆ। ਉਹ ਚੁੱਪਚਾਪ ਆਪਣੇ ਘਰ ਵੱਲ ਤੁਰ ਪਈ।

ਕਈ ਦਿਨ ਲੰਘ ਗਏ। ਬੰਟੀ ਬਤਖ ਨਾਲ ਵਾਲੇ ਤਲਾਬ ਵਿੱਚ ਤੈਰ ਰਹੀ ਸੀ। ਕੁੱਝ ਹੋਰ ਬਤਖ ਵੀ ਉਸ ਦੇ ਨਾਲ ਸਨ। ਉਹ ਆਪਸ ਵਿੱਚ ਹਾਸਾ-ਠੱਠਾ ਕਰ ਰਹੇ ਸਨ। ਅਚਾਨਕ ਕਿਤੋਂ ਫਟਾਕ ਦੀ ਜ਼ੋਰਦਾਰ ਆਵਾਜ਼ ਸੁਣਾਈ ਦਿੱਤੀ। ਬੰਟੀ ਬਤਖ ਅਤੇ ਉਸਦੇ ਸਾਥੀ ਕੁੱਝ ਸਮਝ ਸਕਦੇ ਕਿ ਕੋਲ ਹੀ 'ਛਪਾਕ' ਦੀ ਆਵਾਜ਼ ਸੁਣ ਕੇ ਉਹ ਹੈਰਾਨ ਹੋ ਗਏ।

– ਅਰੇ, ਇੱਕ ਜਖਮੀ ਕਬੂਤਰ! ਇੱਕ ਬਤਖ ਨੇ ਕਿਹਾ- ਇਸ ਦੇ ਸਰੀਰ ਵਿਚੋਂ ਖ਼ੂਨ ਨਿਕਲ ਰਿਹਾ ਹੈ। ਸ਼ਾਇਦ ਇਸ ਨੂੰ ਸ਼ਿਕਾਰੀ ਦੀ ਗੋਲੀ ਲੱਗੀ ਹੈ।

– ਇਹ ਤਾਂ ਟਿੰਕੂ ਕਬੂਤਰ ਹੈ। ਇਸ ਦਾ ਇਹ ਬੁਰਾ ਹਾਲ। ਬੰਟੀ ਬਤਖ ਨੇ ਕਿਹਾ- ਚਲੋ, ਇਸੇ ਮੋਨੂ ਬਗੁਲੇ ਦੀ ਕਲੀਨਿਕ ਵਿੱਚ ਲੈ ਚਲਦੇ ਹਾਂ।

ਬੰਟੀ ਬਤਖ ਉਸ ਨੂੰ ਆਪਣੀ ਪਿੱਠ ਤੇ ਲੱਦ ਕੇ ਮੋਨੂੰ ਬਗਲੇ ਦੀ ਕਲੀਨਿਕ ਵਿੱਚ ਲੈ ਗਈ। ਉਸ ਦੇ ਬਾਕੀ ਬਤਖ ਸਾਥੀ ਵੀ ਨਾਲ ਸਨ। ਟਿੰਕੂ ਕਬੂਤਰ ਅੱਠ ਦਿਨਾਂ ਤਕ ਮੋਨੂੰ ਬਗਲੇ ਦੀ ਕਲੀਨਿਕ ਵਿੱਚ ਭਰਤੀ ਰਿਹਾ। ਇਸ ਦੌਰਾਨ ਬੰਟੀ ਬਤਖ ਦਿਨ-ਰਾਤ ਟਿੰਕੂ ਦੀ ਸੇਵਾ ਕਰਦੀ ਰਹੀ। ਹਸਪਤਾਲ ਤੋਂ ਨਿਕਲਦੇ ਵਕਤ ਟਿੰਕੂ ਕਬੂਤਰ ਦੀਆਂ ਅੱਖਾਂ ਭਰੀਆਂ ਸਨ। ਉਸ ਨੂੰ ਬੰਟੀ ਬਤਖ ਨਾਲ ਕੀਤੇ ਆਪਣੇ ਦੁਰਵਿਵਹਾਰ ਤੇ ਪਛਤਾਵਾ ਹੋ ਰਿਹਾ ਸੀ। ਉਹ ਹੱਥ ਜੋੜ ਕੇ ਬੰਟੀ ਬਤਖ ਤੋਂ ਮਾਫੀ ਮੰਗ ਰਿਹਾ ਸੀ। ਉਹ ਬੋਲਿਆ- ਮਿੱਤਰ, ਜੇਕਰ ਤੂੰ ਮੇਰੀ ਸਹਾਇਤਾ ਨਹੀਂ ਕਰਦੀ ਤਾਂ ਮੈਂ ਤਾਂ ਤੜਪ-ਤੜਪ ਕੇ ਮਰ ਹੀ ਜਾਂਦਾ। ਮੈਨੂੰ ਮਾਫ਼ ਕਰ ਦਿਉ। ਇਸ ਸੰਸਾਰ ਵਿੱਚ ਸਭ ਦੀ ਆਪਣੀ ਉਪਯੋਗਿਤਾ ਹੈ ਇਹ ਮੈਨੂੰ ਸਿਖਿਆ ਮਿਲ ਗਈ ਹੈ।

ਬੰਟੀ ਬਤਖ ਨੇ ਹਲਕੇ ਜਿਹੇ ਟਿੰਕੂ ਕਬੂਤਰ ਦੀ ਪਿੱਠ ਥਪਥਪਾਈ – 'ਆਪਣੀ ਸਿਹਤ ਦਾ ਖਿਆਲ ਰੱਖਣਾ.....।' ਸੁਣ ਕੇ ਟਿੰਕੂ ਕਬੂਤਰ ਨੇ ਧੰਨਵਾਦ ਪ੍ਰਗਟ ਕਰਨ ਲਈ ਆਪਣਾ ਸਿਰ ਝੁਕਾ ਲਿਆ।





## ਸੰਤ ਨਿਰੰਕਾਰੀ ਪੱਤਰ-ਪਤ੍ਰਕਾਵਾਂ ਪੜੋ ਅਤੇ ਪੜਾਓ

ਸੰਤ ਨਿਰੰਕਾਰੀ ਪੱਤਰ-ਪਤ੍ਰਕਾਵਾਂ ਕਈ ਪ੍ਰਾਂਤਾਂ ਦੀਆਂ ਅਲਗ-ਅਲਗ ਭਾਸ਼ਾਵਾਂ ਵਿੱਚ ਛਪ ਰਹੀਆਂ ਹਨ। ਹਰ ਪ੍ਰਾਂਤ ਦੀ ਭਾਸ਼ਾ ਦੀ ਪੱਤ੍ਰਕਾਵਾਂ ਵਿਚ ਵਾਧਾ ਹੋਵੇ ਅਤੇ ਇਨ੍ਹਾਂ ਦੀ ਪਾਠਕਾਂ ਦੀ ਗਿਣਤੀ ਵਧੇ ਇਸਦੀ ਜ਼ਰੂਰਤ ਹੈ। ਸੰਤ ਨਿਰੰਕਾਰੀ ਹਿੰਦੀ, ਅੰਗ੍ਰੇਜ਼ੀ, ਪੰਜਾਬੀ, ਮਰਾਠੀ, ਬੰਗਾਲੀ, ਗੁਜਰਾਤੀ, ਤਮਿਲ, ਤੇਲਗੂ, ਕੰਨੜ, ਨੇਪਾਲੀ, ਉੜੀਆ ਅਤੇ 'ਏਕ ਨਜ਼ਰ' ਹਿੰਦੀ, ਪੰਜਾਬੀ, ਮਰਾਠੀ ਅਤੇ ਹੰਸਤੀ ਦੁਨੀਆਂ ਹਿੰਦੀ, ਪੰਜਾਬੀ, ਮਰਾਠੀ, ਅੰਗ੍ਰੇਜ਼ੀ ਲਗਾਤਾਰ ਵੱਧ ਰਹੀ ਹੈ। ਪਾਠਕ ਅਤੇ ਬ੍ਰਾਂਚ ਪੱਧਰ ਤੇ ਇਸਦੇ ਪ੍ਰੋਤਸਾਹਨ ਦੀ ਜ਼ਰੂਰਤ ਹੈ। ਵਰਤਮਾਨ ਵਿੱਚ ਸੰਤ ਨਿਰੰਕਾਰੀ, ਹੰਸਤੀ ਦੁਨੀਆ ਅਤੇ ਏਕ ਨਜ਼ਰ ਦੀ ਚੰਦਾ ਰਾਸ਼ੀ ਰੁਪਏ 150 ਇਕ ਸਾਲ ਦੇ ਲਈ, ਰੁਪਏ 400 ਤਿੰਨ ਸਾਲ ਦੇ ਲਈ, ਰੁਪਏ 700 ਪੰਜ ਸਾਲ ਦੇ ਲਈ ਅਤੇ ਰੁਪਏ 1500 ਗਿਆਰ੍ਹਾਂ ਸਾਲ ਦੇ ਲਈ ਹਨ।

72ਵੇਂ ਨਿਰੰਕਾਰੀ ਸੰਤ ਸਮਾਗਮ ਦੇ ਅਵਸਰ ਤੇ ਜਦੋਂ ਆਪ ਸਮਾਲਖਾ (ਹਰਿਆਣਾ) ਆਓ ਉਦੋਂ ਅਪਣੀ ਪੱਤਰ-ਪ੍ਰਤਕਾਵਾਂ ਦੀ ਚੰਦਾ ਰਾਸ਼ੀ ਜਮਾਂ ਕਰਵਾਉਣਾ ਵੀ ਸੁਨਿਸ਼ਚਿਤ ਕਰ ਲਓ ਅਤੇ ਜੇਕਰ ਇਨ੍ਹਾਂ ਨੂੰ ਪ੍ਰਾਪਤ ਕਰਨ ਵਿੱਚ ਆਪ ਨੂੰ ਕੋਈ ਪਰੇਸ਼ਾਨੀ ਹੋ ਰਹੀ ਹੋਵੇ ਤਾਂ ਸੰਤ ਸਮਾਗਮ ਗਰਾਊਂਡ ਵਿਚ ਬਣੇ ਪਤ੍ਰਕਾ ਦਫ਼ਤਰ ਵਿੱਚ ਕੰਪਿਊਟਰ ਤੇ ਤੁਰੰਤ ਅਪਣਾ ਸਹੀ ਪਤਾ, ਪਿੰਨ ਕੋਡ ਅਤੇਮੋਬਾਇਲ ਨੰਬਰ ਜ਼ਰੂਰ ਚੈਕ ਕਰਵਾ ਲਓ/ਨੋਟ ਕਰਵਾ ਦਿਓ ਤਾਂਕਿ ਉਸੀ ਅਨੁਸਾਰ ਮੰਡਲ ਦਾ ਰੀਕਾਰਡ ਅਪਡੇਟ ਕੀਤਾ ਜਾ ਸਕੇ।

ਪੱਤਰ-ਪਤ੍ਰਕਾਵਾਂ ਦੀ ਮੈਂਬਰਸ਼ਿਪ ਅਤੇ ਹੋਰ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਦੇ ਲਈ ਸੰਪਰਕ ਦਾ ਪਤਾ ਹੈ-

-ਇੰਚਾਰਜ਼, ਪਤ੍ਰਕਾ-ਪ੍ਰਕਾਸ਼ਨ ਵਿਭਾਗ,
ਸੰਤ ਨਿਰੰਕਾਰੀ ਮੰਡਲ,
ਨਿਰੰਕਾਰੀ ਸਰੋਵਰ ਕੋਪਲੈਕਸ, ਦਿੱਲੀ-110009
Phone : + 91-11-47660200, Extn.: 862
Helpline : 47660360, 859, 9266629841
E:mail: patrika@nirankari.org

ਲੇਖ: ਅਨੀਤਾ ਜੈਨ

# ਗੁਣੀ ਹਨ ਸੰਤਰੇ



ਸੰਤਰਾ, ਮੂਲ ਰੂਪ ਵਿੱਚ ਮੌਸਮੀ, ਮਾਲਟਾ ਅਤੇ ਨਾਰੰਗੀ ਪ੍ਰਜਾਤੀ ਦਾ ਫਲ ਹੈ। ਇਹਨਾਂ ਸਾਰੇ ਫਲਾਂ ਵਿੱਚ ਸਮਾਨਤਾ ਪਾਈ ਜਾਂਦੀ ਹੈ। ਨਾਰੰਗੀ ਅਤੇ ਸੰਤਰੇ ਵਿੱਚ ਮੂਲ ਫਰਕ ਆਕਾਰ ਅਤੇ ਸਵਾਦ ਦਾ ਹੈ। ਸੰਤਰਾ ਨਾਰੰਗੀ ਦੀ ਬਜਾਏ ਆਕਾਰ ਵਿੱਚ ਵੱਡਾ ਅਤੇ ਸਵਾਦ ਵਿੱਚ ਜ਼ਿਆਦਾ ਮਿੱਠਾ ਹੁੰਦਾ ਹੈ ਭਾਵੇਂ ਦੋਵੇਂ ਹੀ ਫਲਾਂ ਵਿੱਚ ਇਕੋ ਜਿਹੇ ਗੁਣ ਹਨ।

ਸੰਤਰੇ ਦਾ ਰੁੱਖ ਉਚਾਈ ਵਿੱਚ 15 ਤੋਂ 30 ਫੁੱਟ ਤਕ ਹੁੰਦਾ ਹੈ। ਇਸ ਦੀ ਉਮਰ ਲਗਭਗ ਸੌ ਸਾਲ ਮੰਨੀ ਜਾਂਦੀ ਹੈ ਪਰ ਇਹ 25 ਤੋਂ 30 ਸਾਲ ਤਕ ਹੀ ਫਲ ਦਿੰਦਾ ਹੈ। ਔਸਤਨ ਇੱਕ ਰੁੱਖ ਸਾਲ ਭਰ ਵਿੱਚ ਚਾਰ ਸੌ ਤੋਂ ਇੱਕ ਹਜ਼ਾਰ ਤਕ ਫਲ ਦੇ ਦਿੰਦਾ ਹੈ। 'ਚਰਕ-ਸੰਹਿਤਾ' ਵਿੱਚ ਸੰਤਰੇ ਦੇ ਗੁਣਾਂ ਤੇ ਵਿਆਪਕ ਚਾਨਣਾ ਪਾਇਆ ਗਿਆ ਹੈ। ਆਯੁਰਵੇਦ ਦੇ ਅਨੁਸਾਰ, ਇਹ ਮਿੱਠਾ, ਖ਼ੂਨ ਵਧਾਉਣ ਵਾਲਾ, ਖ਼ੂਨ ਸਾਫ ਕਰਨ ਵਾਲਾ ਫਲ ਹੈ। ਆਧੁਨਿਕ ਮੈਡੀਕਲ ਸ਼ਾਸਤਰੀ ਵੀ ਸੰਤਰੇ ਨੂੰ ਸਿਹਤ ਦੀ ਦ੍ਰਿਸ਼ਟੀ ਨਾਲ ਬਹੁਤ ਉਪਯੋਗੀ ਫਲ ਸਵੀਕਾਰਦੇ ਹਨ। ਸੰਤਰੇ ਦੀ ਰਾਸਾਇਣਕ ਰਚਨਾ ਦੇ ਅਨੁਸਾਰ ਇਸ ਦੇ ਰਸ ਵਿੱਚ 10.9 ਪ੍ਰਤੀਸ਼ਤ ਠੋਸ ਹਿੱਸਾ ਰਹਿੰਦਾ ਹੈ ਜਿਸ ਵਿੱਚ 7.8 ਪ੍ਰਤੀਸ਼ਤ ਕੁਦਰਤੀ ਸ਼ੂਗਰ, 1.7 ਪ੍ਰਤੀਸ਼ਤ ਸਿਟ੍ਰਿਕ ਏਸਿਡ, 0.52 ਪ੍ਰਤੀਸ਼ਤ ਖਣਿਜ ਲਵਣ ਆਦਿ ਤੱਤ ਪਾਏ ਜਾਂਦੇ ਹਨ। ਇਸ ਦੇ ਇਲਾਵਾ ਇਸ ਵਿੱਚ ਵਿਟਾਮਿਨ 'ਸੀ' ਵੀ ਭਰਪੂਰ ਮਾਤਰਾ ਵਿੱਚ ਰਹਿੰਦਾ ਹੈ।

ਕੈਲਸ਼ੀਅਮ, ਆਇਰਨ, ਪ੍ਰੋਟੀਨ ਆਦਿ ਤੱਤ ਵੀ ਇਸ ਵਿੱਚ ਪਾਏ ਜਾਂਦੇ ਹਨ। ਸੰਤਰੇ ਵਿੱਚ ਮੌਜੂਦ ਵਿਟਾਮਿਨ 'ਸੀ' ਸਰੀਰ ਦੀ ਰੋਗ-ਪ੍ਰਤੀਰੋਧਕ ਤਾਕਤ ਵਿੱਚ ਵਾਧਾ ਕਰਦਾ ਹੈ। ਇਸ ਦਾ ਰਸ ਖ਼ੂਨ ਵਿੱਚ ਮਿਲ ਕੇ ਸਰੀਰ ਦੇ ਵਿਸ਼ੈਲੇ ਤੱਤਾਂ ਨੂੰ ਬਾਹਰ ਕੱਢਣ ਵਿੱਚ ਸਹਾਇਕ ਹੁੰਦਾ ਹੈ। ਕੈਲਸ਼ੀਅਮ ਅਤੇ ਖਣਿਜ ਲਵਣ ਦੰਦਾਂ ਹੱਡੀਆਂ ਨੂੰ ਮਜ਼ਬੂਤੀ ਪ੍ਰਦਾਨ ਕਰਦੇ ਹਨ। ਸੰਤਰੇ ਦੀ ਕੁਦਰਤੀ ਮਿਠਾਸ ਇੱਕ ਬਹੁਤ ਪਾਚਕ ਤੱਤ ਹੈ ਜੋ ਖਾਸਤੌਰ ਤੇ ਬੱਚਿਆਂ ਅਤੇ ਬੀਮਾਰਾਂ ਲਈ ਬਹੁਤ ਉਪਯੋਗੀ ਹੈ। ਇਸ ਦੇ ਸੇਵਨ ਨਾਲ ਸਰੀਰ ਨੂੰ ਊਰਜਾ ਪ੍ਰਾਪਤ ਹੁੰਦੀ ਹੈ।

ਸੰਤਰਾ ਨਾ ਕੇਵਲ ਇੱਕ ਪੌਸ਼ਟਿਕ ਫਲ ਹੈ ਬਲਕਿ ਅਨੇਕਾਂ ਰੋਗਾਂ ਲਈ ਵੀ ਇਹ ਇੱਕ ਰਾਮਬਾਣ ਦਵਾ ਹੈ। ਮਾਨਸਿਕ ਤਨਾਅ, ਜ਼ਿਆਦਾ ਪਿਆਸ ਲੱਗਣਾ, ਦੰਦ-ਰੋਗ, ਪੇਚਿਸ਼, ਪੁਰਾਣੀ ਖੰਘ, ਟੀਬੀ, ਬੁਖਾਰ, ਫਲਿਊ, ਕੀੜੇ ਆਦਿ ਰੋਗਾਂ ਵਿੱਚ ਰੋਗੀਆਂ ਨੂੰ ਨਿਯਮਿਤ ਰੂਪ ਨਾਲ ਇਸ ਦੇ ਰਸ ਦਾ ਸੇਵਨ ਕਰਨਾ ਚਾਹੀਦਾ ਹੈ। ਇਹ ਕਿਡਨੀ, ਦਿਲ, ਅਤੇ ਚਮੜੀ ਦੇ ਲਈ ਵੀ ਫਾਇਦੇਮੰਦ ਹੈ। ਸੰਤਰੇ ਦੀ ਤਸੀਰ ਕੁੱਝ ਠੰਡੀ ਮੰਨੀ ਜਾਂਦੀ ਹੈ। ਇਸ ਕਾਰਣ ਇਹ ਭਰਮ ਬਣਿਆ ਹੋਇਆ ਹੈ ਕਿ ਸੰਤਰੇ ਦੇ ਸੇਵਨ ਨਾਲ ਸਰਦੀ ਜ਼ੁਕਾਮ, ਅਤੇ ਬਲਗਮ ਪੈਦਾ ਹੋ ਜਾਂਦਾ ਹੈ। ਪ੍ਰੰਤੂ ਇਹ ਧਾਰਣਾ ਬਿਲਕੁਲ ਅਰਥਹੀਣ ਹੈ। ਅਸਲ ਵਿੱਚ ਸੰਤਰਾ ਵਿਟਾਮਿਨ 'ਸੀ' ਨਾਲ ਭਰਪੂਰ ਫਲ ਹੈ ਅਤੇ ਵਿਟਾਮਿਨ 'ਸੀ' ਹੀ ਇਹਨਾਂ ਰੋਗਾਂ ਵਿੱਚ ਸਭ ਤੋਂ ਕਾਰਗਰ ਦਵਾ ਹੈ। ਡਾਕਟਰ ਵੀ ਇਹਨਾਂ ਰੋਗਾਂ ਲਈ 'ਵਿਟਾਮਿਨ ਸੀ' ਦੀਆਂ ਹੀ ਗੋਲੀਆਂ ਦਿੰਦੇ ਹਨ। ਹਾਂ, ਇਹ ਜ਼ਰੂਰ ਹੈ ਕਿ ਸੰਤਰੇ ਦਾ ਸੇਵਨ ਇਹਨਾਂ ਬੀਮਾਰੀਆਂ ਵਿੱਚ ਜਰਾਅ ਸਾਵਧਾਨੀਪੂਰਵਕ ਕੀਤਾ ਜਾਣਾ ਚਾਹੀਦਾ ਹੈ।

ਗਰਮੀਆਂ ਵਿੱਚ ਜੀਅ ਮਚਲਾਣਾ, ਉਲਟੀ ਹੋਣਾ ਆਦਿ ਆਮ ਗੱਲਾਂ ਹਨ। ਅਜਿਹੇ ਸਮੇਂ ਵਿੱਚ ਰੋਗੀ ਨੂੰ ਸੰਤਰੇ ਦੇ ਰਸ ਵਿੱਚ ਸ਼ਹਿਦ ਮਿਲਾ ਕੇ ਦੇਣਾ ਚਾਹੀਦਾ ਹੈ। ਪਾਇਰੀਆ, ਮਸੂੜੇ ਦੀ ਸੂਜਨ ਆਦਿ ਰੋਗਾਂ ਵਿੱਚ ਸੰਤਰੇ ਦੇ ਰਸ ਦਾ ਸੇਵਨ ਬਹੁਤ ਜ਼ਿਆਦਾ ਲਾਭਦਾਇਕ ਹੈ। ਸੰਤਰੇ ਦੇ ਛਿਲਕਿਆਂ ਨੂੰ ਸੁਕਾ ਕੇ, ਉਹਨਾਂ ਦਾ ਬਰੀਕ ਪਾਊਡਰ ਬਣਾ ਕੇ ਕੁੱਝ ਬੂੰਦਾਂ ਨਿੰਬੂ ਦੇ ਰਸ ਦੀਆਂ ਮਿਲਾ ਕੇ ਚਮੜੀ ਤੇ ਵੱਟਣੇ ਵਾਂਗ ਲਗਾਉਣ ਨਾਲ ਨਿਖਾਰ ਆਉਂਦਾ ਹੈ।



ਬਾਲ ਕਵਿਤਾ: ਡਾ. ਦਿਲੀਪ

# ਵਿਗਿਆਨਿਕ ਬਣ ਜਾਊਂ

ਗਿਆਨ-ਵਿਗਿਆਨ ਦੀਆਂ ਰੋਚਕ ਗੱਲਾਂ,
ਸੁਪਨੇ ਖਗੋਲ-ਭੂਗੋਲ ਦੇ ਆਉਂਦੇ।
ਕਰ ਦੇਵਾਂ ਪ੍ਰਗਟ ਜੋ ਲੁਕਿਆ ਹੋਇਆ ਹੈ,
ਨਵੀਂ ਖੋਜ ਕਰ ਜਾਊਂ।
ਮੈਂ ਵਿਗਿਆਨਕ ਬਣ ਜਾਊਂ

ਜੀਵ-ਨਿਰਜੀਵ ਦਾ ਭੇਦ ਕਰਾਂਗਾ।
'ਆਤਮਾ ਹੈ' ਇਹ ਸਿੱਧ ਕਰਾਂਗਾ।
ਨਵੀਂ ਦਿਸ਼ਾ ਵਿਗਿਆਨ ਨੂੰ ਦੇ ਕੇ,
ਧਰਤੀ ਨੂੰ ਸਵਰਗ ਬਣਾਊਂ।
ਮੈਂ ਵਿਗਿਆਨਕ ਬਣ ਜਾਊਂ।

ਸੱਚ-ਅਹਿੰਸਾ ਭਾਈਚਾਰਾ।
ਪਰਿਵਾਰ ਸੰਸਾਰ ਹੈ ਸਾਰਾ।
ਵਧੇ ਵਿਕਾਸ ਵੱਲ,
ਅਜਿਹਾ ਵਿਗਿਆਨ ਸਮਝਾਊਂ।
ਮੈਂ ਵਿਗਿਆਨਕ ਬਣ ਜਾਊਂ।

ਸਾਰੇ ਦੌਰ ਸਰਵੋਤਮ ਤਰੱਕੀ।
ਕਸਰ ਰਹੇ ਨਾ ਜਰਾ ਵੀ।
ਮਚੇ ਤਹਿਲਕਾ ਵਿਸ਼ਵ-ਪੱਧਰ ਤੇ,
ਭਾਰਤ ਦਾ ਸਨਮਾਨ ਵਧਾਊਂ।
ਮੈਂ ਵਿਗਿਆਨਕ ਬਣ ਜਾਊਂ।

ਬਾਲ ਕਹਾਣੀ: ਸੁਰਜੀਤ 'ਦੇਵਲ'

# ਨਾਨੀ ਨਾਲ ਸ਼ਰਾਰਤ

ਚਿਰਾਂ ਤੋਂ ਉਡੀਕਦਿਆਂ ਨੂੰ ਆਖ਼ਿਰ ਅਰਸ਼ਦੀਪ ਦਾ ਜਨਮ ਦਿਨ ਆ ਗਿਆ। ਉਸ ਨੇ ਆਪਣੇ ਦੋਸਤਾਂ ਮਿੱਤਰਾਂ ਨੂੰ ਜਨਮ ਦਿਨ ਦੀ ਪਾਰਟੀ ਦਾ ਨਿੱਘਾ ਸੱਦਾ ਦਿੱਤਾ ਹੋਇਆ ਸੀ। ਅਰਸ਼ਦੀਪ ਦਾ ਵੱਡਾ ਭਰਾ ਰਾਜਵੀਰ ਜੋ ਨੌਵੀਂ ਜਮਾਤ ਵਿੱਚ ਪੜ੍ਹਦਾ ਸੀ ਉਹ ਵੀ ਖੁਸ਼ੀ 'ਚ ਖੀਵਾ ਹੋਇਆ ਫਿਰਦਾ ਸੀ। ਬਜ਼ਾਰੋਂ ਕੋਈ ਚੀਜ ਲਿਆਉਣੀ ਹੁੰਦੀ ਤਾਂ ਉਹ ਝੱਟ ਸਕੂਟਰ ਲੈ ਕੇ ਆਪਣੇ ਦੋਸਤ ਦੀਪਕ ਨਾਲ ਬਜ਼ਾਰੋਂ ਲੈ ਆਉਂਦਾ। ਸਕੂਟਰ ਤੇ ਗੇੜੇ ਲਾਉਂਦੇ ਉਹ ਸ਼ਰਾਰਤਾਂ ਤੋਂ ਬਾਜ ਨਾ ਆਉਂਦੇ।

ਭਾਂਵੇਂ ਅਰਸ਼ਦੀਪ ਦੇ ਮਾਤਾ ਪਿਤਾ ਨੇ ਅਪਣੇ ਦੂਰ-ਦਰੇਡਿਉਂ ਬਾਹਰੋਂ ਰਿਸ਼ਤੇਦਾਰ ਤਾਂ ਨਹੀਂ ਸੀ ਬੁਲਾਏ ਪਰ ਗੁਆਂਢ ਤੇ ਲੋਕਲ ਰਿਸ਼ਤੇਦਾਰ ਵੀ ਕੋਈ ਨਹੀਂ ਸੀ ਛੱਡਿਆ।

ਜਿਉਂ ਜਿਉਂ ਕੇਕ ਕੱਟਣ ਦਾ ਨਿਸਚਤ ਸਮਾਂ ਨੇੜੇ ਢੁੱਕ ਰਿਹਾ ਸੀ ਤਿਉਂ ਤਿਉਂ ਅਰਸ਼ਦੀਪ ਨੂੰ ਜਨਮ ਦਿਨ ਦੀਆਂ ਮੁਬਾਰਕਾਂ ਦੇਣ ਵਾਲਿਆਂ ਦੀ ਰੌਣਕ ਵਧ ਰਹੀ ਸੀ। ਜਨਮ ਦਿਨ ਤੇ ਆਉਣ ਵਾਲਿਆਂ ਲਈ ਕੋਲਡ ਡਰਿੰਕ, ਚਾਹ ਤੇ ਕੌਫ਼ੀ ਵਰਤਾਈ ਜਾ ਰਹੀ ਸੀ। ਪਰਿਵਾਰ ਦੇ ਕਿਸੇ ਮੈਂਬਰ ਨੂੰ ਚਿੱਤ-ਚੇਤੇ ਵੀ ਨਹੀਂ ਸੀ ਕਿ ਅਰਸ਼ਦੀਪ ਦੀ ਨਾਨੀ ਉਹ ਦੇ ਜਨਮ ਦਿਨ ਤੇ ਰੌਣਕ ਦਾ ਸ਼ਿੰਗਾਰ ਬਣੇਗੀ। ਉਹ ਅਰਸ਼ਦੀਪ ਲਈ ਸੂਟ ਲੈ ਕੇ ਬੱਸ ਤੋਂ ਉਤਰ ਕੇ ਹੌਲੀ ਹੌਲੀ ਗਲੀ ਵਿੱਚ ਤੁਰਦੀ ਚਲੀ ਆ ਰਹੀ ਸੀ। ਰਾਜਵੀਰ ਵੀ ਉਦੋਂ ਅਪਣੇ ਮਿੱਤਰ ਨਾਲ ਬਜ਼ਾਰ ਕੋਈ ਨਿੱਕ-ਸੁੱਕ ਲੈਣ ਗਿਆ ਹੋਇਆ ਸੀ। ਜਦੋਂ ਉਹ ਅਪਣੀ ਅਣਪਛਾਤੀ ਨਾਨੀ ਕੋਲੋਂ ਲੰਘਣ ਲੱਗੇ ਤਾਂ ਨਜ਼ਦੀਕ ਆ ਕੇ ਸਕੂਟਰ ਦੀ ਜ਼ੋਰ-ਜ਼ੋਰ ਦੀ ਟੀਂ-ਟੀਂ ਕਰਦੇ ਲੰਘੇ। ਸਕੂਟਰ ਦੇ ਸ਼ੀਸ਼ੇ ਵਿੱਚ ਮਾਈ ਨੂੰ ਨਾਲੀ ਵਿੱਚ ਡਿੱਗੀ ਵੇਖ ਕੇ ਦੰਦੀਆਂ





ਉਸ ਦੇ ਗੋਡੇ ਤੋਂ ਖ਼ੂਨ ਸਾਫ਼ ਕਰ ਕੇ ਪੱਟੀ ਬੰਨੀ ਅਤੇ ਪਾਣੀ ਪਿਆਇਆ। ਮਾਈ ਦੇ ਪਤਾ ਦੱਸਣ ਤੇ ਸਕੂਟਰ ਵਾਲਾ ਜਦ ਉਨ੍ਹਾਂ ਦੇ ਘਰ ਮਾਈ ਨੂੰ ਛੱਡਣ ਗਿਆ ਤਾਂ ਉਸ ਨੇ ਉਥੇ ਖੜ੍ਹਾ ਉਹ ਸਕੂਟਰ ਝੱਟ ਪਛਾਣ ਲਿਆ। ਉਸ ਨੇ ਰਾਜਵੀਰ ਦੇ ਡੈਡੀ

ਕੱਢਦੇ ਸਕੂਟਰ ਭਜਾ ਕੇ ਲੈ ਗਏ। ਮਾਈ ਟੀਂ-ਟੀਂ ਦੀ ਅਵਾਜ਼ ਸੁਣ ਕੇ ਡਰਦੀ ਮਾਰੀ ਪਿੱਛੇ ਹੋਣ ਲੱਗੀ ਤੇ ਨਾਲੀ ਵਿੱਚ ਜਾ ਡਿੱਗੀ ਸੀ। ਉਸ ਦੇ ਗੋਡੇ ਨਾਲੀ ਦੀ ਕਿਨਾਰੀ ਲੱਗਣ ਕਰ ਕੇ ਲਹੂ-ਲੁਹਾਨ ਹੋ ਗਏ ਸਨ। ਉਸ ਦੇ ਕਪੜੇ ਨਾਲੀ ਦੇ ਗਾਰੇ ਨਾਲ ਲਿਬੜ ਗਏ ਸਨ। ਗਲੀ ਵਿਚ ਰਾਜਵੀਰ ਦੇ ਮਗਰ ਆਉਂਦੇ ਸਕੂਟਰ ਸਵਾਰ ਨੇ ਸਕੂਟਰ ਦਾ ਨੰਬਰ ਅਤੇ ਰੰਗ ਨੋਟ ਕਰ ਲਿਆ ਸੀ। ਉਸ ਨੇ ਪਹਿਲਾ ਝੱਟ ਸਕੂਟਰ ਰੋਕਿਆ ਤੇ ਮਾਈ ਨੂੰ ਨਾਲੀ ਵਿੱਚੋਂ ਚੁੱਕਿਆ। ਮਾਈ ਖੜ੍ਹੀ ਹੋ ਕੇ ਬੋਲਣ ਲੱਗੀ - ''ਅੱਜ-ਕੱਲ ਦੇ ਜੰਮਦੇ, ਨਿੱਕੇ-ਨਿੱਕੇ ਛੋਕਰੇ ਸਕੂਟਰ ਅੱਗ ਲੱਗਿਆਂ ਵਾਂਗ ਭਜਾਈ ਫਿਰਦੇ ਨੇ। ਇਹ ਨਹੀਂ ਵੇਖਦੇ ਕਿ ਅੱਗੇ ਵੀ ਕੋਈ ਜਾ ਰਿਹਾ ਹੈ। ਕਿੰਨੀਆਂ ਗਲੀਆਂ ਦੇ ਮੋੜ ਆਉਂਦੇ ਨੇ। ਟੀਂ-ਟੀਂ ਕਰਦੇ ਔਹ ਜਾਂਦੇ ਨੇ ਮੌਤ ਨਾਲ ਗੱਲਾਂ ਕਰਦੇ।''

ਉਨ੍ਹਾਂ ਦੇ ਬੋਲ ਸੁਣ ਕੇ ਘਰਾਂ ਦੀਆਂ ਔਰਤਾਂ ਬਾਹਰ ਨਿਕਲ ਆਈਆਂ। ਉਨ੍ਹਾਂ ਮਾਈ ਦੇ ਕਪੜਿਆਂ ਨੂੰ ਪਾਣੀ ਪਾ ਕੇ ਸਾਫ਼ ਕੀਤਾ।


ਨੂੰ ਬੁਲਾ ਕੇ ਉਨ੍ਹਾਂ ਦੀ ਸਾਰੀ ਕਰਤੂਤ ਸੁਣਾ ਦਿੱਤੀ। ਰਾਜਵੀਰ ਹੈਰਾਨ ਹੋਇਆ ਅਤੇ ਹੱਕਾ-ਬੱਕਾ ਰਹਿ ਗਿਆ ਕਿ ਇਹ ਮੇਰੀ ਨਾਨੀ ਸੀ ਜਿਸ ਨਾਲ ਮੈਂ ਇਹ ਘਿਨਾਉਣੀ ਹਰਕਤ ਕਰਕੇ ਲੰਘਿਆ ਸੀ।

ਉਸ ਅਜਨਬੀ ਸਕੂਟਰ ਸਵਾਰ ਦੇ ਮੂਹੋਂ ਅਸਲੀਅਤ ਸੁਣ ਕੇ ਉਸ ਦੇ ਡੈਡੀ ਨੇ ਉਸ ਦੀ ਬਹੁਤ ਝਾੜ-ਝੰਬ ਕੀਤੀ। ਸ਼ਰਮਿੰਦੇ ਹੋਏ ਰਾਜਵੀਰ ਨੇ ਅਪਣੀ ਨਾਨੀ ਦੇ ਪੈਰ ਫੜ ਲਏ ਤੇ ਅੱਗੇ ਤੋਂ ਅਜਿਹੀ ਸ਼ਰਾਰਤ ਕਰਨ ਤੋਂ ਤੋਬਾ ਕੀਤੀ। ਦੋਹਤੇ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਨਾਨੀ ਨੂੰ ਗੋਡੇ ਤੇ ਲੱਗੀ ਸੱਟ ਦਾ ਦਰਦ ਵਿਸਰ ਗਿਆ ਸੀ।



# ਰੰਗ ਭਰੋ





ਨਾਂ ....................................................... ਉਮਰ ......

ਪੂਰਾ ਪਤਾ ..............................................................

...........................................................................

# ਦਸੰਬਰ 2022 ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ:**

ਨਵਪ੍ਰੀਤ ਕੌਰ (ਉਮਰ 6 ਸਾਲ)
ਕੇਸਰੀ ਬਾਗ ਸ਼ਰਮਾ ਕਾਲੋਨੀ
ਕਪੂਰਥਲਾ - 144601 (ਪੰਜਾਬ)

**ਦੂਸਰਾ ਨੰ:**

ਉਦੈਵੀਰ ਸਿੰਘ (ਉਮਰ 7 ਸਾਲ)
ਵੀ.ਪੀ.ਓ. ਖੁਸ਼ਹਾਲ ਪੁਰ
ਜਿਲਾ, ਗੁਰਦਾਸ ਪੁਰ (ਪੰਜਾਬ)

**ਤੀਸਰਾ ਨੰ:**

ਸੁਹਾਨੀ ਗੁਪਤਾ (ਉਮਰ 11 ਸਾਲ)
ਗੋਇਲ ਪਾਇਪ ਐਂਡ ਹਾਰਡਵੇਅਰ
ਸਟੋਰ ਹੁਸ਼ਿਆਰ ਪੁਰ (ਪੰਜਾਬ)

## ਪਸੰਦ ਕੀਤੇ ਗਏ –

ਵਿਦਿਤ ਬਜਾਜ (ਖੁਸ਼ਹਾਲਪੁਰ),
ਸ਼ੁਭਪ੍ਰੀਤ (ਅੰਮ੍ਰਿਤਸਰ),
ਸ਼ੁਭਮ (ਹੁਸ਼ਿਆਰਪੁਰ),
ਪ੍ਰਦੀਪ (ਨਵਾਂ ਸ਼ਹਿਰ),
ਸਹਿਜ ਬਾਂਸਲ (ਪਾਤੜਾਂ),
ਸਿਦਕ ਭਾਟੀਆ (ਦੋਰਾਹਾ),
ਭਾਵੇਸ਼ ਬਾਂਸਲ (ਰਾਏਕੋਟ),
ਗੁਰਮੁਖ ਨੂਰ (ਗੁਮਟਾਲਾ),
ਗੁਰਵਿੰਦਰ (ਜੀਰਾ),
ਸੁਖਪ੍ਰੀਤ ਸਿੰਘ (ਮਾਨਸਾ),
ਅਰਸ਼ਦੀਪ ਸਿੰਘ (ਰੂਪੋਵਾਲ),
ਵੰਦਿਤਾ (ਨਿਰੰਕਾਰੀ ਕਾਲੋਨੀ),
ਹਰਸ਼ਪ੍ਰੀਤ ਕੌਰ (ਕੁਰਾਲੀ),
ਪ੍ਰਭਜੀਤ ਕੌਰ (ਭੈਰੋ ਮਾਜਰਾ),
ਜਸਪ੍ਰੀਤ ਕੌਰ (ਬੋਹਾ),
ਪ੍ਰੇਰਨਾ (ਬੇਦੀ ਨਗਰ),
ਪ੍ਰਵੀਨ ਕੌਰ (ਨਾਨਕ ਨਗਰੀ),
ਸਮੀਪਤਾ ਖੁਰਾਨਾ (ਜਲੰਧਰ),
ਨਿਹਾਰਿਕਾ (ਲੁਧਿਆਣਾ)



## ਮਾਰਚ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਅਪ੍ਰੈਲ 2023 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਮਈ 2023 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ। 15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।



ਬਾਲ ਕਹਾਣੀ: ਅਮਨਪ੍ਰੀਤ ਸਿੰਘ

# ਝੂਠੀ ਕੋਇਲ

ਇੱਕ ਜੰਗਲ ਵਿੱਚ ਬਹੁਤ ਸਾਰੇ ਪੰਛੀ ਰਹਿੰਦੇ ਸਨ। ਉਨ੍ਹਾਂ ਪੰਛੀਆਂ ਦਾ ਰਾਜਾ ਮੋਰ ਸੀ। ਜਦ ਵੀ ਪੰਛੀਆਂ ਦੀ ਕੋਈ ਸਮੱਸਿਆ ਹੁੰਦੀ ਸੀ ਤਾਂ ਰਾਜਾ ਮੋਰ ਹੀ ਸੁਲਝਾਉਂਦਾ ਸੀ। ਇਸੇ ਜੰਗਲ ਵਿੱਚ ਇੱਕ ਕੋਇਲ ਵੀ ਰਹਿੰਦੀ ਸੀ। ਕੋਇਲ ਬਹੁਤ ਹੀ ਆਲਸੀ ਸੀ। ਉਸ ਦੀ ਆਵਾਜ਼ ਭਾਂਵੇਂ ਮਧੁਰ ਸੀ ਪਰ ਉਸ ਦਾ ਵਰਤਾਵ ਬਿਲਕੁਲ ਵੀ ਚੰਗਾ ਨਹੀਂ ਸੀ। ਉਹ ਕਿਸੇ ਦੀ ਵੀ ਗੱਲ ਨਹੀਂ ਸੁਣਦੀ ਸੀ। ਬਰਸਾਤ ਦਾ ਮੌਸਮ ਆਉਣ ਵਾਲਾ ਸੀ। ਸਭ ਪੰਛੀ ਆਪਣੇ ਆਲ੍ਹਣਿਆਂ ਨੂੰ ਬਣਾ ਤੇ ਸੰਵਾਰ ਰਹੇ ਸਨ। ਕੋਇਲ ਨੂੰ ਬਿਲਕੁਲ ਵੀ ਇਸ ਦੀ ਫਿਕਰ ਨਹੀਂ ਸੀ। ਕਈ ਪੰਛੀਆਂ ਨੇ ਉਸ ਨੂੰ ਕਿਹਾ ਕਿ ਬਰਸਾਤ ਤੋਂ ਪਹਿਲਾਂ ਹੀ ਤੂੰ ਆਪਣਾ ਆਲ੍ਹਣਾ ਬਣਾ ਲੈ ਪਰ ਉਸ ਨੇ ਕਿਸੇ ਦੀ ਵੀ ਨਾ ਸੁਣੀ। ਦਿਨ ਬੀਤ ਰਹੇ ਸਨ। ਸਭ ਪੰਛੀਆਂ ਨੇ ਆਪਣੇ-ਆਪਣੇ ਆਲ੍ਹਣੇ ਬਣਾ ਲਏ ਸਨ। ਕੋਇਲ ਹੀ ਬਾਕੀ ਰਹਿ ਗਈ ਸੀ। ਆਲਸ ਕਾਰਨ ਉਹ ਆਪਣਾ ਆਲ੍ਹਣਾ ਬਣਾ ਹੀ ਨਾ ਸਕੀ।

ਇੱਕ ਦਿਨ ਬਹੁਤ ਬੱਦਲ ਚੜ੍ਹ ਕੇ ਆਇਆ। ਕੋਇਲ ਨੂੰ ਉਦੋਂ ਪਤਾ ਲੱਗਾ ਕਿ ਉਸ ਨੇ ਆਲ੍ਹਣਾ ਵੀ ਬਣਾਉਣਾ ਹੈ ਅਤੇ ਆਂਡੇ ਵੀ ਦੇਣੇ ਹਨ। ਉਸ ਕੋਲ ਹੁਣ ਆਪਣਾ ਆਲ੍ਹਣਾ ਨਹੀਂ ਸੀ। ਉਪਰੋਂ ਬੱਦਲ ਵੀ ਘਿਰ ਆਏ ਸਨ। ਉਸ ਨੂੰ ਇੱਕ ਕਾਂ ਦਾ ਆਲ੍ਹਣਾ ਖਾਲੀ ਦਿਸਿਆ। ਉਸ ਦੇ ਆਲ੍ਹਣੇ ਵਿੱਚ ਦੋ ਆਂਡੇ ਪਹਿਲਾਂ ਹੀ ਸਨ। ਕੋਇਲ ਨੇ ਜਲਦੀ ਨਾਲ ਆਪਣੇ ਆਂਡੇ ਉਸ ਕਾਂ ਦੇ ਆਲ੍ਹਣੇ ਵਿੱਚ ਦੇ ਦਿੱਤੇ। ਕੋਇਲ ਹੁਣ ਬਿਲਕੁਲ ਨਿਸ਼ਚਿੰਤ ਹੋ ਗਈ ਸੀ। ਕਿੰਨੀ ਚਲਾਕੀ ਨਾਲ ਉਸ ਨੇ ਕਾਂ ਦੇ ਆਲ੍ਹਣੇ ਵਿੱਚ ਆਪਣੇ ਆਂਡੇ ਦੇ ਦਿੱਤੇ ਸਨ। ਕਾਂ ਅਤੇ ਉਸ ਦੀ ਪਤਨੀ ਵਾਪਿਸ ਪਰਤ ਆਏ ਸਨ। ਜਦੋਂ ਉਨ੍ਹਾਂ ਨੇ ਆਪਣੇ ਆਲ੍ਹਣੇ ਵੱਲ ਦੇਖਿਆ ਤਾਂ ਹੈਰਾਨ ਹੋ ਗਏ। ਉਨ੍ਹਾਂ ਦੇ ਆਲ੍ਹਣੇ ਵਿੱਚ ਦੋ ਆਂਡੇ ਸਨ ਤੇ ਹੁਣ ਚਾਰ ਹੋ ਗਏ ਸਨ। ਉਹ ਚਾਰੇ ਆਂਡੇ ਇੱਕੋ ਤਰ੍ਹਾਂ



ਦੇ ਦਿਸਦੇ ਸਨ। ਕਾਂ ਇਸ ਬਾਰੇ ਬਿਲਕੁਲ ਨਾ ਸਮਝ ਸਕਿਆ ਕਿਉਂਕਿ ਉਹ ਆਂਡਿਆਂ ਨੂੰ ਅਲੱਗ ਨਹੀਂ ਸੀ ਕਰ ਸਕਦਾ। ਉਨ੍ਹਾਂ ਨੂੰ ਇਹ ਚਾਰੇ ਆਂਡੇ ਪਾਲਣੇ ਪੈਣੇ ਸਨ। ਫਿਰ ਜ਼ੋਰਾਂ ਦਾ ਮੀਂਹ ਪਿਆ ਅਤੇ ਕੋਇਲ ਨੇ ਕਿਵੇਂ ਤਿਵੇਂ ਆਪਣੇ ਆਪ ਨੂੰ ਇੱਕ ਪੁਰਾਣੇ ਦਰੱਖਤ ਦੇ ਤਣੇ ਵਿੱਚ ਛੁਪਾ ਕੇ ਬਚਾਇਆ। ਕਈ ਦਿਨ ਮੀਂਹ ਪੈਂਦੇ ਰਹੇ ਅਤੇ ਉਹ ਮੀਂਹ ਤੋਂ ਬਹੁਤ ਖ਼ੁਸ਼ ਸੀ ਕਿਉਂਕਿ ਉਸ ਨੂੰ ਮਿਹਨਤ ਨਹੀਂ ਕਰਨੀ ਪਈ ਸੀ ਆਲ੍ਹਣਾ ਬਣਾਉਣ ਲਈ। ਥੋੜੇ ਦਿਨ ਲੰਘੇ ਤਾਂ ਕਾਂ ਦੇ ਆਲ੍ਹਣੇ ਵਿੱਚ ਆਂਡਿਆਂ ਵਿੱਚੋਂ ਚਾਰ ਨੰਨੇ ਬੱਚੇ ਨਿਕਲ ਆਏ ਸਨ। ਚਾਰੇ ਇੱਕੋ ਜਿਹੇ ਸਨ। ਕਾਂ ਅਤੇ ਉਸ ਦੀ ਪਤਨੀ ਉਨ੍ਹਾਂ ਦੀ ਪੂਰੀ ਦੇਖਭਾਲ ਕਰ ਰਹੇ ਸਨ। ਉਨ੍ਹਾਂ ਨੂੰ ਚੋਗਾ ਦੇ ਰਹੇ ਸਨ। ਜਦੋਂ ਉਹ ਬੱਚੇ ਵੱਡੇ ਹੋਏ ਤਾਂ ਉਨ੍ਹਾਂ ਨੰਨੇ ਬੱਚਿਆਂ ਵਿੱਚੋਂ ਦੋ ਬੱਚੇ ਕਾਂ ਦੀ ਤਰ੍ਹਾਂ ਦਿਸ ਰਹੇ ਸਨ ਅਤੇ ਦੋ ਬੱਚੇ ਕੋਇਲ ਦੀ ਤਰ੍ਹਾਂ। ਕਾਂ ਸਾਰੀ ਗੱਲ ਸਮਝ ਗਿਆ ਸੀ ਕਿ ਮੇਰੇ ਆਲ੍ਹਣੇ ਵਿੱਚ ਉਸ ਆਲਸੀ ਕੋਇਲ ਨੇ ਹੀ ਆਂਡੇ ਦਿੱਤੇ ਸਨ। ਉਦੋਂ ਹੀ ਉਡਦੀ ਉਡਾਉਂਦੀ ਕੋਇਲ ਵੀ ਓਥੇ ਪਹੁੰਚ ਗਈ। ਜਦੋਂ ਕੋਇਲ ਨੂੰ ਕਾਂ ਦੇ ਆਲ੍ਹਣੇ ਵਿੱਚੋਂ ਉਨ੍ਹਾਂ ਬੱਚਿਆਂ ਨੇ ਦੇਖਿਆ ਤਾਂ ਜੋ ਬੱਚੇ ਕੋਇਲ ਦੀ ਤਰ੍ਹਾਂ ਦਿਸਦੇ ਸਨ, ਉੱਡ ਕੇ ਕੋਇਲ ਕੋਲ ਆ ਗਏ। ਜਦੋਂ ਕਾਂ ਨੇ ਇਹ ਸਭ ਦੇਖਿਆ ਤਾਂ ਉਸ ਦੇ ਮਨ ਨੂੰ ਬਹੁਤ ਧੱਕਾ ਲੱਗਿਆ ਕਿਉਂਕਿ ਆਂਡੇ ਵੀ ਉਨ੍ਹਾਂ ਨੇ ਪਾਲੇ ਸਨ ਤੇ ਬੱਚਿਆਂ ਨੂੰ ਚੋਗਾ ਵੀ ਦਿੱਤਾ ਸੀ। ਉਦੋਂ ਹੀ ਕਾਂ ਕੋਇਲ ਨੂੰ ਕਹਿਣ ਲੱਗਾ ਕਿ ਤੇਰੇ ਬੱਚੇ ਮੈਂ ਪਾਲੇ ਹਨ ਇਸ ਦਾ ਮੈਨੂੰ ਅਫਸੋਸ ਨਹੀਂ ਹੈ ਪਰ ਇਹ ਹੁਣ ਮੈਥੋਂ ਅਲੱਗ ਹੋ ਗਏ ਹਨ, ਇਹ ਬਹੁਤ ਬੁਰਾ ਲੱਗ ਰਿਹਾ ਹੈ ਮੈਨੂੰ। ਇਸ ਲਈ ਮੈਂ ਤੈਨੂੰ ਚੇਤਾਵਨੀ ਦੇ ਰਿਹਾ ਹਾਂ ਕਿ ਇਸ ਵਾਰ ਤੇ ਤੂੰ ਧੋਖੇ ਨਾਲ ਮੇਰੇ ਆਲ੍ਹਣੇ ਵਿੱਚ ਆਂਡੇ ਦੇ ਦਿੱਤੇ, ਦੁਬਾਰਾ ਇੱਦਾਂ ਕੀਤਾ ਤਾਂ ਤੇਰੇ ਲਈ ਚੰਗਾ ਨਹੀਂ ਹੋਵੇਗਾ। ਇਹ ਸੁਣ ਕੇ ਕੋਇਲ ਬੋਲੀ ਕਿ ਕਾਂ ਭਰਾ, ਮੈਨੂੰ ਨਹੀਂ ਪਤਾ ਕਿ ਇਹ ਕਿੰਝ ਹੋਇਆ ਹੈ। ਕੋਇਲ ਝੂਠ ਬੋਲ ਰਹੀ ਸੀ। ਕੋਇਲ ਆਪਣੇ ਬੱਚਿਆਂ ਨੂੰ ਲੈ ਕੇ ਫਿਰ ਦੂਰ ਉਡ ਗਈ। ਕਾਂ ਨੇ ਇਹ ਗੱਲ ਪੰਛੀਆਂ ਦੇ ਰਾਜੇ ਮੋਰ ਨੂੰ ਦੱਸ ਦਿੱਤੀ। ਰਾਜੇ ਮੋਰ ਨੇ ਵੀ ਕੋਇਲ ਨੂੰ ਚੇਤਾਵਨੀ ਦੇ ਦਿੱਤੀ ਕਿ ਦੁਬਾਰਾ ਇਸ ਤਰ੍ਹਾਂ ਕੀਤਾ ਤਾਂ ਜੰਗਲ ਵਿੱਚੋਂ ਤੈਨੂੰ ਕੱਢ ਦਿੱਤਾ ਜਾਵੇਗਾ। ਥੋੜ੍ਹਾ ਸਮਾਂ ਫਿਰ ਬੀਤਿਆ। ਕਾਂ ਦੀ ਪਤਨੀ ਨੇ ਫਿਰ ਆਂਡੇ ਦੇ ਦਿੱਤੇ। ਓਧਰ ਆਲਸੀ ਕੋਇਲ ਨੇ ਫਿਰ ਆਪਣਾ ਆਲ੍ਹਣਾ ਨਹੀਂ ਸੀ ਬਣਾਇਆ। ਕੋਇਲ ਦੇ ਬੱਚੇ ਵੀ ਹੁਣ ਵੱਡੇ ਹੋ ਕੇ ਇੱਧਰ-ਓਧਰ ਉੱਡ ਗਏ ਸਨ। ਉਸ ਦਾ ਆਂਡੇ ਦੇਣ ਦਾ ਸਮਾਂ ਹੁਣ ਫਿਰ ਕੋਲ ਆ ਗਿਆ ਸੀ। ਜੇਕਰ ਉਹ ਹੁਣ ਆਲ੍ਹਣਾ ਬਣਾਉਂਦੀ ਤਾਂ ਬਹੁਤ ਸਮਾਂ ਲੰਘ ਜਾਂਦਾ। ਇਸ ਲਈ ਉਸ ਨੇ ਦੁਬਾਰਾ ਕਾਂ ਅਤੇ ਉਸ ਦੀ ਪਤਨੀ ਤੋਂ ਅੱਖ ਬਚਾ ਕੇ ਉਨ੍ਹਾਂ ਦੇ ਆਲ੍ਹਣੇ ਵਿੱਚ ਆਂਡੇ ਦੇ ਦਿੱਤੇ। ਉਹ ਮੋਰ ਦੀ ਚੇਤਾਵਨੀ ਵੀ ਭੁੱਲ ਗਈ ਸੀ ਅਤੇ ਜਲਦੀ ਨਾਲ ਆਂਡੇ ਦੇ ਕੇ ਉਥੋਂ





ਉੱਡ ਗਈ। ਜਦੋਂ ਕਾਂ ਅਤੇ ਉਸ ਦੀ ਪਤਨੀ ਵਾਪਿਸ ਆਲ੍ਹਣੇ ਵਿੱਚ ਆਏ ਤਾਂ ਫਿਰ ਦੋ ਦੀ ਜਗ੍ਹਾ ਚਾਰ ਆਂਡੇ ਦੇਖ ਕੇ ਹੈਰਾਨ ਹੋ ਗਏ ਅਤੇ ਦੁਬਿਧਾ ਵਿੱਚ ਫਸ ਗਏ ਕਿਉਂਕਿ ਚਾਰੇ ਆਂਡੇ ਇੱਕੋ ਤਰ੍ਹਾਂ ਦੇ ਸਨ। ਕਾਂ ਨੇ ਪੰਛੀਆਂ ਦੇ ਰਾਜੇ ਮੋਰ ਨੂੰ ਫਿਰ ਸ਼ਿਕਾਇਤ ਕੀਤੀ ਕਿ ਸਾਡੇ ਆਲ੍ਹਣੇ ਵਿੱਚ ਦੋ ਆਂਡੇ ਸਨ ਪਰ ਉਹ ਹੁਣ ਫਿਰ ਚਾਰ ਹੋ ਗਏ ਹਨ। ਮੈਨੂੰ ਦੁਬਾਰਾ ਉਸ ਕੋਇਲ ਤੇ ਹੀ ਸ਼ੱਕ ਹੈ ਕਿ ਇਨ੍ਹਾਂ ਚਾਰ ਆਂਡਿਆਂ ਵਿੱਚੋਂ ਦੋ ਆਂਡੇ ਕੋਇਲ ਦੇ ਹੀ ਹਨ।

ਰਾਜੇ ਮੋਰ ਨੇ ਕੋਇਲ ਨੂੰ ਬੁਲਾਇਆ ਅਤੇ ਉਸ ਨੂੰ ਫਿਰ ਪੁੱਛਿਆ ਕਿ ਕਾਂ ਦੇ ਆਲ੍ਹਣੇ ਵਿੱਚ ਆਂਡੇ ਤੂੰ ਦਿੱਤੇ ਹਨ? ਕੋਇਲ ਨੇ ਫਿਰ ਝੂਠ ਬੋਲਿਆ ਕਿ ਮੈਂ ਇਸ ਵਾਰ ਕਾਂ ਦੇ ਆਲ੍ਹਣੇ ਵਿੱਚ ਆਂਡੇ ਨਹੀਂ ਦਿੱਤੇ ਹਨ। ਮੈਨੂੰ ਨਹੀਂ ਪਤਾ ਕਿ ਇਹ ਕਿਸ ਦੇ ਹਨ। ਕੋਇਲ ਫਿਰ ਇਸ ਵਾਰ ਸਾਫ਼ ਝੂਠ ਬੋਲ ਰਹੀ ਸੀ। ਰਾਜੇ ਮੋਰ ਨੇ ਆਪਣਾ ਦਿਮਾਗ ਲਗਾਇਆ ਅਤੇ ਪੁੱਛਿਆ ਕਿ ਜੇ ਤੇਰੇ ਇਹ ਆਂਡੇ ਨਹੀਂ ਹਨ ਤਾਂ ਇਸ ਵਾਰ ਤੂੰ ਆਂਡੇ ਕਿੱਥੇ ਦਿੱਤੇ ਹਨ? ਤਾਂ ਝੂਠੀ ਕੋਇਲ ਬੋਲੀ ਕਿ ਮੇਰੇ ਆਂਡੇ ਸਹੀ ਸਲਾਮਤ ਹਨ। ਮੈਂ ਇੱਕ ਦਰੱਖਤ ਥੱਲੇ ਆਂਡੇ ਦਿੱਤੇ ਹਨ। ਮੋਰ ਨੇ ਉਸ ਨੂੰ ਉਹ ਜਗ੍ਹਾ ਦਿਖਾਉਣ ਲਈ ਕਿਹਾ। ਕੋਇਲ, ਕਾਂ ਅਤੇ ਮੋਰ ਨੂੰ ਨਾਲ ਲੈ ਕੇ ਚੱਲ ਪਈ। ਥੋੜ੍ਹੀ ਹੀ ਦੂਰ ਇੱਕ ਦਰੱਖਤ ਥੱਲੇ ਦੋ ਆਂਡੇ ਪਏ ਸਨ। ਕੋਇਲ ਜਾ ਕੇ ਉਨ੍ਹਾਂ ਆਂਡਿਆਂ ਉਪਰ ਬੈਠ ਗਈ ਤੇ ਕਿਹਾ ਕਿ ਇਹ ਹੀ ਮੇਰੇ ਆਂਡੇ ਹਨ। ਮੋਰ ਅਤੇ ਕਾਂ ਫਿਰ ਸੋਚਾਂ ਵਿੱਚ ਪੈ ਗਏ ਕਿ ਜੇਕਰ ਇਹ ਇਸ ਦੇ ਆਂਡੇ ਹਨ ਤਾਂ ਆਲ੍ਹਣੇ ਵਿੱਚ ਕਿਸ ਦੇ ਆਂਡੇ ਹਨ?



ਉਹ ਹਾਲੇ ਸੋਚ ਹੀ ਰਹੇ ਸਨ ਕਿ ਇੱਕ ਵੱਡਾ ਕੋਬਰਾ ਸੱਪ ਆ ਕੇ ਕੋਇਲ ਦੇ ਕੋਲ ਖੜ੍ਹ ਗਿਆ। ਮੋਰ ਅਤੇ ਕਾਂ ਤਾਂ ਜਲਦੀ ਦੂਰ ਭੱਜ ਗਏ ਪਰ ਕੋਇਲ ਮਸਤੀ ਨਾਲ ਆਂਡਿਆਂ ਉਪਰ ਬੈਠੀ ਰਹੀ। ਦਰਅਸਲ ਉਹ ਆਂਡੇ ਕੋਬਰੇ ਸੱਪ ਦੇ ਹੀ ਸਨ ਅਤੇ ਕੋਇਲ ਤਾਂ ਝੂਠ ਬੋਲ ਰਹੀ ਸੀ। ਕੋਬਰੇ ਨੇ ਜਦ ਇਹ ਦੇਖਿਆ ਕਿ ਕੋਇਲ ਉਸ ਦੇ ਆਂਡਿਆਂ ਤੇ ਬੈਠੀ ਹੈ ਤਾਂ ਉਸ ਨੂੰ ਬਹੁਤ ਗੁੱਸਾ ਆ ਗਿਆ ਅਤੇ ਉਸ ਨੇ ਕੋਇਲ ਤੇ ਹਮਲਾ ਕਰ ਦਿੱਤਾ। ਕੁਝ ਹੀ ਪਲਾਂ ਵਿੱਚ ਉਸ ਕੋਇਲ ਦੀ ਸੱਪ ਦੇ ਜ਼ਹਿਰ ਕਾਰਨ ਮੌਤ ਹੋ ਗਈ। ਮੋਰ ਅਤੇ ਕਾਂ ਇਹ ਦ੍ਰਿਸ਼ ਦੇਖ ਰਹੇ ਸਨ ਅਤੇ ਕਹਿ ਰਹੇ ਸਨ ਕਿ ਜੇਕਰ ਕੋਇਲ ਝੂਠ ਨਾ ਬੋਲਦੀ ਤਾਂ ਸ਼ਾਇਦ ਅੱਜ ਸਹੀ-ਸਲਾਮਤ ਹੁੰਦੀ। ਅਗਰ ਸਮੇਂ ਅਨੁਸਾਰ ਆਪਣਾ ਆਲ੍ਹਣਾ ਬਣਾਉਂਦੀ ਤਾਂ ਇਹ ਸਭ ਉਸ ਨੂੰ ਦੇਖਣਾ ਨਾ ਪੈਂਦਾ। ਕਾਂ ਨੂੰ ਫਿਰ ਤੋਂ ਉਸ ਕੋਇਲ ਦੇ ਬੱਚੇ ਪਾਲ੍ਹਣੇ ਪਏ। ਅੱਜ ਤਕ ਕਾਂ ਦੇ ਆਲ੍ਹਣੇ ਵਿਚ ਹੀ ਕੋਇਲ ਆਂਡੇ ਦਿੰਦੀ ਹੈ ਅਤੇ ਕਾਂ ਹੀ ਕੋਇਲ ਦੇ ਬੱਚੇ ਪਾਲਦਾ ਆ ਰਿਹਾ ਹੈ।

ਪਿਆਰੇ ਬੱਚਿਓ, ਤੁਸੀਂ ਵੀ ਹਮੇਸ਼ਾ ਸੱਚ ਹੀ ਬੋਲਣਾ ਹੈ। ਕਦੇ ਵੀ ਝੂਠ ਦਾ ਸਹਾਰਾ ਨਹੀਂ ਲੈਣਾ ਨਹੀਂ ਤਾਂ ਮੁਸੀਬਤ ਵਿੱਚ ਫਸ ਸਕਦੇ ਹੋ।

# ਕਦੇ ਨਾ ਭੁੱਲੋ

- ਸੱਚ ਦਾ ਪ੍ਰਭਾਵ ਖੁਦ ਪ੍ਰਗਟ ਹੋ ਕੇ ਰਹਿੰਦਾ ਹੈ। ਸੱਚ ਵਿੱਚ ਅਸੀਮਤ ਸ਼ਕਤੀ ਅਤੇ ਤੇਜ਼ ਹੁੰਦਾ ਹੈ।

– ਰਵਿੰਦਰਨਾਥ ਟੈਗੋਰ

- ਜਿਸ ਦਾ ਮਨ ਤ੍ਰਿਸ਼ਨਾ ਤੋਂ ਰਹਿਤ ਹੁੰਦਾ ਹੈ, ਜੋ ਚੇਤੰਨ ਅਤੇ ਜਾਗਰੂਕ ਹੈ, ਉਹ ਕਦੇ ਡਰ ਨਾਲ ਪੀੜਤ ਨਹੀਂ ਹੁੰਦਾ।
- ਭੈਅ, ਕ੍ਰੋਧ, ਆਲਸ, ਦਵੈਸ਼ ਆਦਿ ਦੁਰਗੁਣਾਂ ਨੂੰ ਛੱਡਣ ਵਿੱਚ ਦੇਰੀ ਨਹੀਂ ਕਰਨੀ ਚਾਹੀਦੀ।

– ਮਹਾਤਮਾ ਬੁੱਧ

- ਇਮਾਨਦਾਰੀ ਅਤੇ ਮਿਹਨਤ ਨਾਲ ਪ੍ਰਾਪਤ ਧਨ ਸ਼ੁਭ ਫਲ ਦੇਣ ਵਾਲਾ ਹੁੰਦਾ ਹੈ। ਜੋ ਧਨ ਬੇਈਮਾਨੀ ਅਤੇ ਸ਼ੋਸ਼ਣ ਨਾਲ ਪ੍ਰਾਪਤ ਹੁੰਦਾ ਹੈ ਉਹ ਅਨਰਥਕਾਰੀ ਹੁੰਦਾ ਹੈ।

– ਸਵਾਮੀ ਦਯਾਨੰਦ ਸਰਸਵਤੀ

- ਆਤਮਵਿਸ਼ਵਾਸ ਅਸੰਭਵ ਲੱਗਣ ਵਾਲੇ ਕੰਮ ਨੂੰ ਵੀ ਸੰਭਵ ਬਣਾ ਦਿੰਦਾ ਹੈ।
- ਜੋ ਭਗਵਾਨ ਨੂੰ ਜਾਣ ਲੈਂਦਾ ਹੈ ਉਹ ਪਾਪ ਕਰਨ ਤੋਂ ਬਚ ਜਾਂਦਾ ਹੈ।

– ਮਹਾਂਕਵੀ ਸੰਤ ਗੰਗਾਦਾਸ

- ਦੁਸ਼ਮਣ ਵੀ ਜਿਸ ਦੇ ਗੁਣਾਂ ਦੀ ਪ੍ਰਸ਼ੰਸਾ ਕਰਦੇ ਹਨ, ਉਹੀ ਪੁਰਸ਼ ਅਸਲ ਵਿੱਚ ਪੁਰਸ਼ ਹੈ।
- ਬੁਰਾਈ ਦਾ ਸੰਪਰਕ ਸਾਡੀਆਂ ਚੰਗੀਆਂ ਆਦਤਾਂ ਨੂੰ ਵੀ ਖਰਾਬ ਕਰ ਦਿੰਦਾ ਹੈ।
- ਪ੍ਰੇਮ ਦੀ ਸ਼ਕਤੀ ਘ੍ਰਿਣਾ ਦੀ ਸ਼ਕਤੀ ਦੀ ਬਜਾਏ ਅਨੰਤ ਗੁਣੀ ਜ਼ਿਆਦਾ ਪ੍ਰਭਾਵਸ਼ਾਲੀ ਹੈ।

– ਸਵਾਮੀ ਵਿਵੇਕਾਨੰਦ

- ਕਰਮ, ਗਿਆਨ ਅਤੇ ਭਗਤੀ ਇਨ੍ਹਾਂ ਤਿੰਨਾਂ ਚੀਜ਼ਾਂ ਦਾ ਜਿਸ ਜਗ੍ਹਾ ਮੇਲ ਹੁੰਦਾ ਹੈ ਉਹੀ ਸ੍ਰੇਸ਼ਠ ਪੁਰਸ਼ਾਰਥ ਹੈ।

– ਅਰਵਿੰਦ ਘੋਸ਼

- ਸੰਸਾਰ ਵਿੱਚ ਕੋਈ ਵੀ ਅਜਿਹਾ ਨਹੀਂ ਹੈ ਜੋ ਨੀਤੀ ਦਾ ਜਾਣਕਾਰ ਨਹੀਂ ਹੈ ਪ੍ਰੰਤੂ ਉਸ ਦੇ ਉਪਯੋਗ ਤੋਂ ਲੋਕ ਖਾਲੀ ਹੁੰਦੇ ਹਨ।
- ਪਰਉਪਕਾਰ ਵਿੱਚ ਲੱਗੇ ਹੋਏ ਸੱਜਣਾਂ ਦੀ ਪ੍ਰਵਿਰਤੀ ਕਸ਼ਟ ਦੇ ਸਮੇਂ ਵੀ ਕਲਿਆਣਕਾਰੀ ਹੁੰਦੀ ਹੈ।

– ਬਾਣਭੱਟ

- ਦੁਨੀਆ ਵਿੱਚ ਸਭ ਕੁੱਝ ਦੁਬਾਰਾ ਮਿਲ ਸਕਦਾ ਹੈ ਪਰ ਮਾਂ-ਬਾਪ ਨਹੀਂ ਮਿਲਦੇ।

– ਸਿਸਰੋ

*ਸੰਗ੍ਰਹਿ ਕਰਤਾ: ਡਿੰਪਲਜੀਤ ਰੰਧਾਵਾ*

ਕਵਿਤਾ: ਕਮਲ ਸਿੰਘ ਚੌਹਾਨ

# ਸੂਰਜ ਅਤੇ ਹਵਾ

ਤਿਤਲੀ ਉਡੀ ਚਿੜੀ ਬੋਲੀ,
ਬੱਚਿਆਂ ਨੇ ਹੁਣ ਅੱਖ ਖੋਲ੍ਹੀ।
ਸੂਰਜ ਨੇ ਕਿਰਨਾਂ ਵਿਛਾਈਆਂ,
ਸ਼ੁੱਧ ਹਵਾ ਨੇ ਠੰਡਕ ਘੋਲੀ।

ਟਹਿਣੀ ਤੇ ਕਲੀ ਸ਼ਰਮਾਈ,
ਤੋਤੇ ਨੇ ਵੀ ਟੇਰ ਲਗਾਈ।
ਡੁੱਬਿਆਂ ਚੰਨ ਤਾਰੇ ਲੁਕ ਗਏ,
ਡੱਡੂ ਦੀ ਸੁਣੋ ਟਰਰ-ਟਰਰ ਬੋਲੀ।

ਫੁੱਲਾਂ ਨੇ ਘੁੰਡ ਖੋਲਿਆ,
ਕਾਂ-ਕਾਂ ਕਰਕੇ ਕਾਂ ਬੋਲਿਆ।
ਕੁੱਦ ਰਿਹਾ ਮੇਮਣਾ ਵੇਖੋ,
ਮੈਂ-ਮੈਂ ਕਰਦੀ ਬੱਕਰੀ ਭੋਲੀ।

ਮਿਲਜੁਲ ਕੇ ਨੇ ਰਹਿੰਦੇ ਸਾਰੇ,
ਧਰਤੀ ਮਾਂ ਦੇ ਬੱਚੇ ਪਿਆਰੇ।
ਨਾਮ ਵੱਡਾ ਚੰਗਾ ਕੰਮ ਹੋਵੇ,
ਇਹ ਕਹਿੰਦੇ ਮਾਂ ਹੱਸ ਕੇ ਬੋਲੀ।




ਚਿੱਤਰਕਥਾ

# ਦੁਸ਼ਮਣ ਤੇ ਵਿਸ਼ਵਾਸ ਨਾ ਕਰੋ

*ਚਿੱਤਰਕਾਰ ਅਤੇ ਲੇਖਕ: ਅਜੈ ਕਾਲੜਾ*




ਕੁੱਝ ਦਿਨਾਂ ਬਾਦ ਉਹ ਚਿੜਾ ਦਾਣਾ-ਪਾਣੀ ਖਾ-ਪੀ ਕੇ ਮੋਟਾ-ਤਾਜਾ ਹੋ ਕੇ ਆਪਣੇ ਆਲ੍ਹਣੇ ਤੇ ਵਾਪਸ ਆਇਆ। ਉਸ ਨੇ ਵੇਖਿਆ ਕਿ ਆਲ੍ਹਣੇ ਵਿੱਚ ਖਰਗੋਸ਼ ਆਰਾਮ ਨਾਲ ਬੈਠਾ ਹੋਇਆ ਹੈ। ਉਸ ਨੂੰ ਬਹੁਤ ਗੁੱਸਾ ਆਇਆ। ਉਸ ਨੇ ਖਰਗੋਸ਼ ਨੂੰ ਕਿਹਾ - ਬਦਮਾਸ਼ ਕਿਤੋਂ ਦੇ, ਮੈਂ ਨਹੀਂ ਸੀ ਤੇ ਮੇਰੇ ਘਰ ਵਿੱਚ ਵੜ ਗਏ ਹੋ?
ਇਹ ਘਰ ਮੇਰਾ ਹੈ, ਤੂੰ ਨਿਕਲ ਇਥੋਂ।
ਖਰਗੋਸ਼ ਬੋਲਿਆ- ਕਾਹਦਾ ਤੇਰਾ ਘਰ? ਇਹ ਘਰ ਤਾਂ ਹੁਣ ਮੇਰਾ ਹੈ। ਖੂਹ, ਤਾਲਾਬ ਜਾਂ ਰੁੱਖ ਨੂੰ ਇੱਕ ਵਾਰ ਕੋਈ ਛੱਡ ਕੇ ਜਾਂਦਾ ਹੈ ਤਾਂ ਉਹ ਆਪਣਾ ਹੱਕ ਵੀ ਗਵਾ ਦਿੰਦਾ ਹੈ।
ਖਰਗੋਸ਼ ਦੀ ਗੱਲ ਸੁਣ ਕੇ ਚਿੜਾ ਕਹਿਣ ਲੱਗਾ- ਇੰਝ ਬਹਿਸ ਕਰਨ ਨਾਲ ਕੁੱਝ ਹੋਣ ਵਾਲਾ ਨਹੀਂ। ਚਲੋ ਕਿਸੇ ਸਮਝਦਾਰ ਅਤੇ ਬੁੱਧੀਮਾਨ ਦੇ ਕੋਲ ਚਲਦੇ ਹਾਂ। ਉਹ ਜਿਸ ਦੇ ਹੱਕ ਵਿੱਚ ਫੈਸਲਾ ਸੁਣਾਏਗਾ, ਉਸ ਨੂੰ ਇਹ ਘਰ ਮਿਲ ਜਾਏਗਾ।


ਉਹਨਾਂ ਨੂੰ ਰੁੱਖ ਤੋਂ ਥੋੜੀ ਦੂਰੀ ਤੇ ਇੱਕ ਬਿੱਲਾ ਕਿਤਾਬ ਪੜਦਾ ਨਜ਼ਰ ਆਇਆ। ਚਿੜਾ ਅਤੇ ਖਰਗੋਸ਼ ਨੂੰ ਉਹ ਸਮਝਦਾਰ ਅਤੇ ਵਿਦਵਾਨ ਲੱਗਾ।


ਚਿੜਾ ਅਤੇ ਖਰਗੋਸ਼ ਉਸ ਬਿੱਲੇ ਦੇ ਕੋਲ ਗਏ ਅਤੇ ਉਹਨਾਂ ਨੇ ਆਪਣੀ ਸਮੱਸਿਆ ਦੱਸੀ। ਉਹ ਬੋਲੇ- ਜੋ ਵੀ ਸਹੀ ਹੋਵੇ ਉਸ ਨੂੰ ਉਹ ਆਲ੍ਹਣਾ ਮਿਲ ਜਾਏ ਅਤੇ ਜੋ ਵੀ ਝੂਠਾ ਹੋਵੇਗਾ ਉਸ ਨੂੰ ਆਪ ਉਹ ਘਰ ਛੱਡ ਕੇ ਜਾਣ ਲਈ ਕਹਿਣਾ।


ਖਰਗੋਸ਼ ਅਤੇ ਚਿੜੇ ਨੂੰ ਵੇਖ ਕੇ ਬਿੱਲੇ ਦੇ ਮੂੰਹ ਵਿੱਚ ਪਾਣੀ ਭਰ ਆਇਆ। ਉਸ ਨੂੰ ਭੁੱਖ ਵੀ ਲੱਗੀ ਸੀ। ਉਸ ਨੇ ਸੋਚਿਆ - ਦੋਵੇਂ ਮੋਟੇ-ਤਾਜੇ ਹਨ। ਕਈ ਦਿਨਾਂ ਤਕ ਭੋਜਨ ਦੀ ਭਾਲ ਵਿੱਚ ਭਟਕਣਾ ਨਹੀਂ ਪਏਗਾ।


ਬਿੱਲਾ ਬੋਲਿਆ - ਮੈਂ ਤੁਹਾਡਾ ਨਿਆਂ ਕਰਨ ਲਈ ਤਿਆਰ ਹਾਂ। ਪ੍ਰੰਤੂ ਮੈਂ ਇੱਕ ਗੱਲ ਤੁਹਾਨੂੰ ਤੁਹਾਡੇ ਕੰਨਾਂ ਵਿੱਚ ਕਹਿਣਾ ਚਾਹੁੰਦਾ ਹਾਂ। ਤੁਸੀਂ ਦੋਵੇਂ ਮੇਰੇ ਕੋਲ ਆਉ।
ਦੋਵਾਂ ਦੇ ਕੋਲ ਆਉਂਦੇ ਹੀ ਬਿੱਲੇ ਨੇ ਝੱਟ ਖਰਗੋਸ਼ ਨੂੰ ਪੰਜੇ ਵਿੱਚ ਫੜ ਲਿਆ ਅਤੇ ਚਿੜੇ ਨੂੰ ਮੂੰਹ ਵਿੱਚ ਦਬੋਚ ਲਿਆ।
ਬਿੱਲੇ ਨੇ ਦੋਵਾਂ ਦਾ ਕੰਮ ਤਮਾਮ ਕਰ ਦਿੱਤਾ। ਦੋਵੇਂ ਆਪਣੀ ਮੂਰਖਤਾ ਨਾਲ ਆਪਣੀ ਜਾਨ ਗਵਾ ਬੈਠੇ। ਉਹਨਾਂ ਨੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ ਕਿ ਕਿਸੇ ਦੁਸ਼ਮਣ ਤੇ ਇੱਕਦਮ ਨਾਲ ਵਿਸ਼ਵਾਸ ਕਰਨਾ ਕਿੰਨਾ ਹਾਨੀਕਾਰਕ ਹੋ ਸਕਦਾ ਹੈ।
ਸਿਖਿਆ : ਦੋ ਦੀ ਲੜਾਈ ਵਿੱਚ ਤੀਸਰਾ ਲਾਭ ਉਠਾ ਲੈਂਦਾ ਹੈ। ਇਹ ਹਮੇਸ਼ਾਂ ਧਿਆਨ ਰੱਖਣਾ ਚਾਹੀਦਾ ਹੈ ਕਿ ਬਲਵਾਨ ਅਤੇ ਦੁਸ਼ਮਣ ਤੋਂ ਹਮੇਸ਼ਾਂ ਦੂਰ ਰਹਿਣ ਵਿੱਚ ਹੀ ਭਲਾਈ ਹੈ।

# ਰੰਗਾਂ ਦਾ ਰੌਚਕ ਇਤਿਹਾਸ

*1856 ਵਿਚ ਇੰਗਲੈਂਡ ਦੇ ਰੌਯਲ ਕਾਲੇਜ ਦਾ ਇਕ ਵਿਦਿਆਰਥੀ ਏਚ.ਪਾਰਕਿਨ, ਏਨਿਲੀਨ ਤੋਂ ਕੁਨੈਨ ਬਣਾ ਰਿਹਾ ਸੀ। ਪਰੰਤੂ ਉਹ ਕੁਨੈਨ ਬਣਾ ਨਹੀਂ ਪਾਇਆ ਅਤੇ ਨੀਲਾ ਜਿਹਾ ਰੰਗ ਪਰਪਲ ਬਣ ਗਿਆ। ਇਥੋਂ ਹੀ ਰੰਗਾਂ ਨੂੰ ਬਣਾਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ। 1860 ਵਿਚ ਮੈਜੈਂਟਾ 1862 ਵਿਚ ਏਨਿਲੀਨ ਬਲਿਊ ਅਤੇ ਬਲੈਕ 1865 ਵਿਚ ਬਿਸਮਾਈ ਬ੍ਰਾਊਨ 1876 ਵਿਚ ਮਿਥਾਈਲੀਨ ਬਲਯੂ 1878 ਵਿਚ ਮੈਲੇ ਕਾਈਟ ਗ੍ਰੀਨ, 1887 ਵਿਚ ਏਸਿਡ ਮੈਜੈਂਟਾ ਅਤੇ 1880ਵਿਚ ਕਾਟਲ ਬਲੈਕ ਆਦਿ ਰੰਗਾਂ ਦਾ ਨਿਰਮਾਣ ਕੀਤਾ ਗਿਆ ਹੈ। ਰੰਗਾਂ ਦੇ ਨਿਰਮਾਣ ਵਿਚ ਸੀਸਾ, ਪੋਟੈਸ਼ੀਅਮ ਡਾਈਕ੍ਰੋਮੇਟ, ਬੋਰਿਕ ਐਸਿਡ, ਕਾਸਟਿਕ ਸੋਡਾ, ਬਲੀਚਿੰਗ ਪਾਊਡਰ, ਜ਼ਿੰਕ ਆਕਸਾਈਡ, ਆਕਜ਼ੇਲਿਕ ਐਸਿਡ ਅਤੇ ਕਈ ਹੋਰ ਰਸਾਇਨਿਕ ਤਤਾਂ ਦਾ ਮਿਸ਼ਰਣ ਵੀ ਉਪਯੋਗ ਕੀਤਾ ਜਾਂਦਾ ਹੈ।*

***ਰੁੱਖ ਅਤੇ ਪੌਦਿਆਂ ਨਾਲ ਬਣਨ ਵਾਲੇ ਰੰਗ***

*ਪਲਾਸ਼ ਅਤੇ ਕੇਸਰ ਦੇ ਫੁੱਲਾਂ ਨਾਲ ਕੇਸਰੀਆਂ ਰੰਗ ਬਣਾਇਆ ਜਾਂਦਾ ਹੈ। ਉਤਰ ਪ੍ਰਦੇਸ਼, ਬਿਹਾਰ, ਪੱਛਮੀ ਬੰਗਾਲ ਵਿਚ ਨੀਲ ਦੀ ਖੇਤੀ ਕੀਤੀ ਜਾਂਦੀ ਹੈ। ਇਹ ਡੰਡਿਗੋਫੇਰੀ ਨਾਂ ਦੇ ਪੌਦੇ ਤੋਂ ਮਿਲਦੀ ਹੈ। ਨੀਲ ਦੇ ਪੌਦੇ ਵਿਚ ਗੁਲਾਬੀ ਰੰਗ ਦਾ ਫੁੱਲ ਹੁੰਦਾ ਹੈ। ਨੀਲ ਨੂੰ ਪੌਦਿਆਂ ਦੀ ਡਾਲੀ ਫੁੱਲਾਂ ਅਤੇ ਪੱਤਿਆਂ ਵਿਚੋਂ ਕੱਢਿਆ ਜਾਂਦਾ ਹੈ।*

*ਨੀਲ ਬਣਾਉਣ ਲਈ ਵੱਡੇ ਵੱਡੇ ਪਾਣੀ ਦੇ ਹੌਜ਼ਿਆਂ ਵਿਚ ਪੌਦਿਆਂ ਨੂੰ ਡੁਬੋ ਕੇ ਰਖਿਆ ਜਾਂਦਾ ਹੈ। ਇਸ ਤਰ੍ਹਾਂ ਨੀਲਾ ਰੰਗ ਤਿਆਰ ਹੋ ਜਾਂਦਾ ਹੈ।*

***– ਗੁਰਦੇਵ ਸਿੰਘ***

## Form-IV (See Rule - 8)

| | |
|---|---|
| 1. Place of Publication | Sant Nirankari Satsang Bhawan, Sant Nirankari Colony, Delhi- 110009 |
| 2. Periodicity of Publication | Monthly |
| 3. Printer's Name | Raj Kumari |
| (whether citizen of India) | Yes, Indian |
| Address | H. No. 1/53 - B, Gali No. 1 Sant Nirankari Colony, Delhi-110009 |
| 4. Publisher's Name | Raj Kumari |
| (whether citizen of India) | Yes, Indian |
| Address | H. No. 1/53 - B, Gali No. 1 Sant Nirankari Colony, Delhi-110009 |
| 5. Editor's Name | Sulekh Sathi |
| (whether citizen of India) | Yes, Indian |
| Address | 2/60, 3rd Floor Sant Nirankari Colony, Delhi-110009 |
| 6. Name & Address of individuals, who own the newspaper and partners or share holders holding more than one percent of the total capital. | Sant Nirankari Mandal, Sant Nirankari Colony, Delhi-110009 |

I, Raj Kumari, do hereby declare that the particulars given above are true to the best of my knowledge and belief.

Date : 1.3.2023

Raj Kumari
**Publisher**

Nirankari Radio

radio.nirankari.org

24x7

Kids Divine

ek ruhani muskaan

kids.nirankari.org

Catch the latest episode
on 23rd of every month

News Divine

www.nirankari.org

Catch the latest episode
on 10th of every month

सुनो तराने
नए पुराने

Nirankari Radio

Bhakti Sangeet

radio.nirankari.org

Catch the latest episode
on 20th of every month

SOUL VIBES

radio.nirankari.org

Catch the latest episode
on Last Friday of every month

Voice Divine

radio.nirankari.org

Catch the latest episode
on 1st & 16th of every month

Video & Audio Webcasts on www.nirankari.org - Every month

SANT NIRANKARI MISSION

Registered with the Registrar of Newspaper For India Under RNI No. 32345/1977 : Delhi Postal Regd. No. DL (N)/137/2021-2023
Licence No. U (DN)-60/2021-23
Licenced to post without Pre-payment

# ਸੰਤ ਨਿਰੰਕਾਰੀ ਮੰਡਲ ਰਾਹੀਂ ਪ੍ਰਕਾਸ਼ਿਤ ਹੋਣ ਵਾਲੀਆਂ

## ਪੱਤਰ-ਪੱਤ੍ਰਕਾਵਾਂ

**ਸੰਤ ਨਿਰੰਕਾਰੀ**

❖ ਗਿਆਰ੍ਹਾਂ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਹੋਣ ਵਾਲੀ 'ਸੰਤ ਨਿਰੰਕਾਰੀ' ਅਧਿਆਤਮਿਕ ਮਾਸਿਕ ਪਤ੍ਰਕਾ ਹੈ ਜਿਸ ਵਿਚ ਸਤਿਗੁਰੂ ਪ੍ਰਵਚਨ ਅਤੇ ਅਨੁਭਵੀ ਲੇਖਕਾਂ ਦੀਆਂ ਦਲੀਲ ਭਰਪੂਰ ਰਚਨਾਵਾਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ।

**'ਏਕ ਨਜ਼ਰ'**

❖ ਤਿੰਨ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਪੰਦਰਵਾੜਾ ਅਖ਼ਬਾਰ 'ਏਕ ਨਜ਼ਰ' ਵਿਚ ਸਤਿਗੁਰੂ ਮਾਤਾ ਜੀ ਦੇ ਦੈਵੀ ਵਚਨ ਅਤੇ ਮਿਸ਼ਨ ਵੱਲੋਂ ਹੋਰਹੀਆਂ ਗਤੀਵਿਧੀਆਂ ਦੇ ਸਮਾਚਾਰ ਪ੍ਰਕਾਸ਼ਿਤ ਹੁੰਦੇ ਹਨ।

**'ਹੰਸਤੀ ਦੁਨੀਆ'**

❖ ਚਾਰ ਭਾਸ਼ਾਵਾਂ ਵਿਚ ਛੱਪਣ ਵਾਲੀ ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਬਾਲ ਮਾਸਿਕ 'ਹੰਸਤੀ ਦੁਨੀਆ' ਵਿਚ ਰੋਚਕ ਕਹਾਣੀਆਂ, ਗਿਆਨ-ਵਰਧਕ ਵਿਗਿਆਨਕ ਲੇਖ, ਕਵਿਤਾਵਾਂ ਅਤੇ ਚਿੱਤਕਥਾਵਾਂ ਸ਼ਾਮਿਲ ਹੁੰਦੀਆਂ ਹਨ।

**ਇਨ੍ਹਾਂ ਪੱਤਰ-ਪੱਤਰਕਾਵਾਂ ਦੀ ਮੈਂਬਰਸ਼ਿਪ ਲਈ ਸੰਪਰਕ ਕਰੋ:-**
Tel. : 011-47660200 (Extn. : 862) | Email : Patrika@nirankari.org

## ਪਾਠਕਾਂ ਦੇ ਲਈ ਸੂਚਨਾ




❖ ਕੀ ਆਪਨੂੰ ਹੰਸਤੀ ਦੁਨੀਆ (ਪੰਜਾਬੀ) ਮਾਸਿਕ, ਪਤ੍ਰਕਾ ਲਗਾਤਾਰ ਮਿਲ ਰਹੀ ਹੈ?

❖ ਪਤ੍ਰਕਾ ਵਿਭਾਗ ਰਾਹੀਂ ਹਰ ਮਹੀਨੇ 23 ਤਾਰੀਕ ਨੂੰ Dispatch (ਡਿਸਪੈਚ) ਕਰ ਦਿੱਤੀ ਜਾਂਦੀ ਹੈ। ਜੇ ਇਕ ਹਫ਼ਤੇ ਤਕ ਵੀ ਆਪਨੂੰ ਇਹ ਨਾ ਮਿਲੇ ਤਾਂ

1. ਅਪਣੇ ਨਜ਼ਦੀਕੀ ਡਾਕਖਾਨੇ ਨਾਲ ਸੰਪਰਕ ਕਰੋ।
2. ਪਤ੍ਰਕਾ ਵਿਭਾਗ ਨੂੰ ਫੋਨ ਨੰਬਰ 011-47660200 (Extn. : 862) OR Help Line No. 011-47660360 ਤੇ ਸੂਚਿਤ ਕਰੋ, ਤਾਂਕਿ ਆਪਨੂੰ ਉਸਦੀ ਦੂਜੀ ਕਾਪੀ ਭਿਜਵਾਈ ਜਾ ਸਕੇ

ਪਤ੍ਰਕਾ ਵਿਭਾਗ, ਸੰਤ ਨਿਰੰਕਾਰੀ ਮੰਡਲ,
ਨਿਰੰਕਾਰੀ ਕੰਪੈਲਕਸ, ਬੁਰਾੜੀ ਰੋਡ, ਦਿੱਲੀ-110009

Posted at LPC Delhi RMS, Delhi-110006. Prescribed dates 23rd & 24th. Date of Publication: 17th & 18th (Advance Month)